# ਮਹਾਵੀਰ : ਸਿੱਧਾਂਤ ਤੇ ਉਪਦੇਸ਼



"ਸਭ ਨਾਲ ਇਕੋ ਜਹੀ ਵਰਤੋਂ ਤੇ ਅਹਿੰਸਾ ਦਾ ਪਾਲਣ ਮੇਰਾ ਬ੍ਰਤ ਹੈ, ਸਚ ਦੀ ਰਾਹ ਮੇਰੀ ਰਾਹ ਹੈ, ਬ੍ਰਹਮਚਰਯਾ ਮੇਰੀ ਜ਼ਿੰਦਗੀ ਹੈ, ਤਿਆਗ ਤੇ ਵੈਰਾਗ ਮੇਰੇ ਸਾਥੀ ਹਨ" — ਇਹੋ ਭਾਵਨਾਵਾਂ ਸ੍ਰੀ ਮਹਾਂਵੀਰ ਨੂੰ ਭਗਵਾਨ ਬਣਾਉਂਦੀਆਂ ਹਨ।

— **ਤਿਲਕਧਰ ਸ਼ਾਸਤਰੀ**

ਪ੍ਰਕਾਸ਼ਕ :—

**ਪਚੀਸਵੀਂ ਮਹਾਵੀਰ ਨਿਰਵਾਨ ਸ਼ਤਾਬਦੀ,**
**ਸੰਯੋਜਿਕਾ ਸੰਮਿਤਿ, ਪੰਜਾਬ**

# ਧੰਨਵਾਦ

ਇਸ ਪੁਸਤਕ ਦੇ ਪ੍ਰਕਾਸ਼ਨ ਲਈ ਧੰਨ ਦੀ ਸਹਾਇਤਾ ਦੇਣਵਾਲੇ ਸ੍ਰੀ ਭੋਜਰਾਜ਼ ਜੀ ਜੈਨ ਬਠਿੰਡਾ ਦੇ ਅਸੀਂ ਧੰਨਵਾਦੀ ਹਾਂ ।


| | |
|---|---|
| ਮੂਲ ਲੇਖਕ : | ਰਾਸ਼ਟਰ ਸੰਤ ਉਪਾਧਿਆਇ ਸ੍ਰੀ ਅਮਰ ਮੁਨੀ ਜੀ ਮਹਾਰਾਜ |
| ਪਰੇਰਕ : | ਸ੍ਰੀ ਪੁਰਸ਼ੋਤਮ ਦਾਸ ਜੈਨ, ਧੂਰੀ । |
| ਅਨੁਵਾਦਕ : | ਸ੍ਰੀ ਰਵਿੰਦਰ ਕੁਮਾਰ ਜੈਨ |
| ਮੁਦ੍ਰਕ : | ਆਤਮ ਜੈਨ ਪ੍ਰਿੰਟਿੰਗ ਪ੍ਰੈਸ, 350, ਇੰਡਸਟ੍ਰਿਅਲ ਏਰਿਆ-ਏ ਲੁਧਿਆਣਾ-3 |
| ਪ੍ਰਕਾਸ਼ਕ : | ਪੱਚੀਸਵੀਂ ਮਹਾਵੀਰ ਨਿਰਵਾਣ ਸ਼ਤਾਬਦੀ ਸੰਯੋਜਿਕਾ ਸਮਿਤਿ, ਪੰਜਾਬ |
| ਸੰਸਕਰਣ : | ਪਹਿਲਾ |
| ਮੁੱਲ : | ਦੋ ਰੁਪਏ |

ਜੈਨ ਭੂਸ਼ਨ ਭੰਡਾਰੀ

ਸ੍ਰੀ ਪਦਮਚੰਦ ਜੀ

ਮਹਾਰਾਜ

ਦੀ

ਸੇਵਾ

ਵਿਖੇ

# ਸਮਰਪਣ



ਜੋ ੨੫੦੦ਵੀਂ ਮਹਾਵੀਰ ਨਿਰਵਾਣ ਸ਼ਤਾਬਦੀ ਸੰਯੋਜਿਕਾ ਸਮਿਤੀ ਪੰਜਾਬ ਦੇ ਸੰਸਥਾਪਕ ਹਨ। ਆਪਸ੍ਰੀ ਦੀ ਕਿਰਪਾ ਨਾਲ ਹੀ, ਪੰਜਾਬ ਵਿਚ ਜੈਨ ਸਾਹਿੱਤ ਦਾ ਪ੍ਰਚਾਰ, ਅਨੇਕਾਂ ਸਕੂਲ, ਹਸਪਤਾਲ ਤੇ ਮਹਾਵੀਰ-ਭਵਨ ਬਣ ਰਹੇ ਹਨ।

**ਪੁਰਸ਼ੋਤਮ ਦਾਸ ਜੈਨ**     **ਰਵਿੰਦਰ ਕੁਮਾਰ ਜੈਨ**

# ਅਨੁਵਾਦਕ ਦੀ ਕਲਮ ਤੋਂ

ਅਨੁਵਾਦਕ ਦਾ ਆਪਣਾ ਕੁੱਝ ਵੀ ਨਹੀਂ ਹੁੰਦਾ, ਸੋ ਇਸ ਪੁਸਤਕ ਵਿਚ ਜੋ ਕੁਝ ਵੀ ਹੈ, ਸਭ ਸ੍ਰੀ ਅਮਰ ਮੁਨੀ ਜੀ ਮਹਾਰਾਜ ਦਾ ਹੈ। ਜੋ ਵੀ ਕੁਝ ਹੈ ਸਭ ਸੂਝਵਾਨ ਪਾਠਕਾਂ ਅਗੇ ਪੇਸ਼ ਕਰਦਾ ਹਾਂ ਜੇ ਕੋਈ ਤਰੁਟੀ ਹੋਵੇ ਤਾਂ ਸੂਝਵਾਨ ਪਾਠਕ ਖਿਆਲ ਨਾਲ ਪੜ੍ਹਨ।

ਮੈਂ ਇਸ ਪੁਸਤਕ ਦੇ ਪ੍ਰਕਾਸ਼ਨ ਵਿਚ ਪਰਮ ਸ੍ਰਧੇਯ ਸ੍ਰੀ ਰਤਨ ਮੁਨੀ ਜੀ ਮਹਾਰਾਜ, ਜੈਨ ਧਰਮ ਦਿਵਾਕਰ ਪ੍ਰਵਰਤਕ ਸ੍ਰੀ ਫੂਲਚੰਦ ਜੀ 'ਸ੍ਰਮਣ' ਮਹਾਰਾਜ ਅਤੇ ਪੰਡਤ ਤਿਲਕਧਰ ਸ਼ਾਸਤ੍ਰੀ ਦਾ ਸਹਿਯੋਗ ਤੇ ਆਸ਼ੀਰਵਾਦ ਲਈ ਧੰਨਵਾਦੀ ਹਾਂ।

ਇਹ ਸਭ ਕੁਝ ਮੇਰੇ ਪਿਆਰੇ ਵੀਰ ਪੁਰਸ਼ੋਤਮ ਦਾਸ ਜੈਨ ਦੀ ਕਿਰਪਾ ਦਾ ਫਲ ਹੈ। ਜਿਨ੍ਹਾਂ ਦੇ ਪਿਆਰ ਦਾ ਸਦਕਾ ਮੈਂ ਇਸ ਯੋਗ ਹੋ ਸਕਿਆ ਹਾਂ। ਮੈਂ ਸ੍ਰੀ ਹੀਰਾ ਲਾਲ ਜੈਨ, ਸੈਕਟਰੀ ਸ੍ਰੀ ਮਹਾਵੀਰ ਜੈਨ ਸਘ ਪੰਜਾਬ ਦਾ ਇਸ ਪੁਸਤਕ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਸਹਿਯੋਗ ਦੇ ਲਈ ਧੰਨਵਾਦ ਕਰਦਾ ਹਾਂ।

ਅੰਤ ਵਿਚ ਮੈਂ ਇਹ ਪੁਸਤਕ ਭੰਡਾਰੀ ਸ੍ਰੀ ਪਦਮ ਚੰਦ ਜੀ ਮਹਾਰਾਜ ਦੇ ਕਰ ਕਮਲਾਂ ਵਿਚ ਸਮਰਪਿਤ ਕਰਦਾ ਹਾਂ।

ਮੈਂ ਇਸ ਪੁਸਤਕ ਦੀ ਪਰੈਸ ਕਾਪੀ ਤਿਆਰ ਕਰਨ ਲਈ ਆਪਣੇ ਪਿਆਰੇ ਦੋਸਤ ਸ੍ਰੀ ਦੇਵਿੰਦਰ ਜੋਸ਼ੀ ਦਾ ਬਹੁਤ ਹੀ ਧੰਨਵਾਦੀ ਹਾਂ ਅਤੇ ਅਗੋਂ ਸਹਿਯੋਗ ਦੀ ਆਸ ਕਰਦਾ ਹਾਂ।

—**ਅਨੁਵਾਦਕ**


# ਪ੍ਰਕਾਸ਼ਕੀਯ

ਮੈਂ ਸਮਿਤੀ ਵਲੋਂ ਪ੍ਰਕਾਸ਼ਕ, ਅਨੁਵਾਦਕ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਆਪਣਾ ਸਹਿਯੋਗ ਦੇਕੇ ਭਗਵਾਨ ਮਹਾਵੀਰ ਦਾ ਜੀਵਨ ਚਾਰਿਤ੍ਰ ਪੰਜਾਬੀ ਵਿਚ ਛਪਾਇਆ ਹੈ ।

ਮੈਂ ਸਨਮਤੀ ਗਿਆਨ ਪੀਠ ਆਗਰਾ ਦੇ ਪ੍ਰਬੰਧਕਾਂ ਦਾ ਵਿਸ਼ੇਸ਼ ਰੂਪ ਵਿਚ ਧੰਨਵਾਦੀ ਹਾਂ ਜਿਨ੍ਹਾਂ ਇਸ ਦਾ ਅਨੁਵਾਦ ਛਾਪਣ ਦੀ ਖੁਸ਼ੀ ਨਾਲ ਆਗਿਆ ਦਿੱਤੀ ਹੈ ।

**ਸੰਤ ਕੁਮਾਰ ਜੈਨ**
(ਜਨਰਲ ਸੈਕਟਰੀ)
ਪਚੀਸਵੀਂ ਮਹਾਵੀਰ ਨਿਰਵਾਨ-ਸ਼ਤਾਬਦੀ,
ਸੰਯੋਜਿਕਾ ਸਮਿਤੀ, ਪੰਜਾਬ ।

# ਪ੍ਰੇਰਕ ਦੀ ਕਲਮ ਤੋਂ




ਸਤਿਕਾਰ ਯੋਗ ਜੀਓ !

ਅਜ ਕਲ ਸਾਰੇ ਭਾਰਤ-ਵਰਸ਼ ਵਿਚ ਤੇ ਵਿਦੇਸ਼ਾਂ ਵਿਚ ੨੫੦੦ ਸਾਲਾ ਮਹਾਵੀਰ ਨਿਰਵਾਨ ਉਤਸਵ ਦੀਆ ਤਿਆਰੀਆ ਬਹੁਤ ਜੋਰਾਂ-ਸ਼ੋਰਾਂ ਤੇ ਹਨ, ਨਿਤ-ਨਵੀਆਂ ਯੋਜਨਾਵਾਂ ਅਤੇ ਸਾਹਿੱਤ ਸਾਹਮਣੇ ਆ ਰਿਹਾ ਹੈ। ਅਜ ਤੋਂ ਦੋ ਸਾਲ ਪਹਿਲਾਂ ਜਦੋਂ ਅਸੀਂ ਮਹਾਵੀਰ-ਨਿਰਵਾਨ ਸ਼ਤਾ-ਬਦੀ ਕਮੇਟੀ ਬਣਾਈ ਸੀ। ਉਸ ਦਿਨ ਤੋਂ ਮੇਰੇ ਮਨ ਵਿਚ ਇਹ ਵਿਚਾਰ ਸੀ ਕਿ ਭਗਵਾਨ ਮਹਾਵੀਰ ਤੇ ਉਹਨਾਂ ਦੇ ਉਪਦੇਸ਼ਾਂ ਬਾਰੇ ਕੋਈ ਪ੍ਰਮਾਣਕ ਪੁਸਤਕ ਤਿਆਰ ਕਰਵਾਈ ਜਾਵੇ। ਇਸ ਉਦੇਸ਼ ਨੂੰ ਮੁਖ ਰਖਕੇ ਮੈਂ ਆਪਣੇ ਭਰਾ ਸ੍ਰੀ ਰਵਿੰਦਰ ਜੈਨ ਨੂੰ ਅਜਿਹਾ ਕਰਨ ਦੀ ਪ੍ਰੇਰਣਾ ਕੀਤੀ। ਉਸਨੇ ਥੋੜੇ ਸਮੇਂ ਵਿਚ ਇਕ ਪ੍ਰਮਾਣਿਕ ਮਹਾਵੀਰ ਜੀਵਨ ਚਰਿੱਤਰ ਦਾ ਪੰਜਾਬੀ ਅਨੁਵਾਦ ਕਰਕੇ ਸੰਘ ਨੂੰ ਸਮਰਪਤ ਕੀਤਾ।

ਮੈਨੂੰ ਆਸ ਹੈ ਕਿ ਸਮਝਦਾਰ ਪਾਠਕ ਇਸ ਤੋਂ ਲਾਭ ਉਠਾ-ਉਣਗੇ ਅਤੇ ਇਸ ਸਬੰਧੀ ਉਪਯੋਗੀ ਸੁਝਾ ਦੇਣਗੇ ਤਾਂ ਕਿ ਉਨ੍ਹਾਂ ਦੇ ਸੁਝਾਵਾਂ ਅਨੁਸਾਰ ਪਰਿਵਰਤਨ ਕੀਤਾ ਜਾ ਸਕੇ। ਨਾਲ ਹੀ ਮੈਂ ਆਪਣੇ ਵਲੋਂ ਜੈਨ-ਵਿਭੂਸ਼ਨ ਭੰਡਾਰੀ **ਸ੍ਰੀ ਪਦਮ ਚੰਦ ਜੀ ਮਹਾਰਾਜ** ਦਾ ਧੰਨਵਾਦੀ ਹਾਂ ਜਿਹਨਾਂ ਦੀ ਕਿਰਪਾ ਅਤੇ ਪਰੇਰਣਾ ਨਾਲ ਨਿਰਵਾਨ-ਸ਼ਤਾਬਦੀ ਦੇ ਕੰਮ ਚਲ ਰਹੇ ਹਨ। ਤੇ ਇਹ ਪੁਸਤਕ ਪ੍ਰਕਾਸ਼ਿਤ ਹੋ ਸਕੀ ਹੈ। ਅਤੇ ਇਸਦੇ ਨਾਲ ਹੀ ਮੈਂ **ਸ੍ਰੀ ਭੋਜਰਾਜ ਜੈਨ** ਪਰਧਾਨ ਪਚੀਸਵੀਂ ਮਹਾਵੀਰ ਨਿਰਵਾਣ ਸ਼ਤਾਬਦੀ ਸੰਯੋਜਿਕਾ ਸੰਮਤੀ ਦਾ ਬੇਹਦ ਧੰਨਵਾਦੀ ਹਾਂ ਜਿਨ੍ਹਾਂ ਆਪਣੀ ਦਾਨ-ਵੀਰਤਾ ਦਾ ਸਬੂਤ ਦੇਂਦੇ ਹੋਏ ਇਸ ਪੁਸਤਕ ਨੂੰ ਛਪਵਾਇਆ ਹੈ।

ਆਪਦਾ ਸ਼ੁਭ ਚਿੰਤਕ :

**ਪਰਸ਼ੋਤਮ ਜੈਨ,**

ਧੂਰੀ।

**ਗੁਰੂ ਗੋਬਿੰਦ ਸਿੰਘ ਧਾਰਮਿਕ ਸਿਖਿਆ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ ।**

# ਦੋ ਸ਼ਬਦ

ਮੈਨੂੰ ਇਹ ਜਾਣ ਕੇ ਅਤਿ ਪ੍ਰਸੰਨਤਾ ਹੋਈ ਹੈ ਕਿ ਸ੍ਰੀ ਰਾਵਿੰਦਰ ਕੁਮਾਰ ਜੈਨ ਨੇ ਸ਼੍ਰਮਣ ਭਗਵਾਨ ਮਹਾਂਵੀਰ ਦੀ ਜੀਵਨੀ ਅਤੇ ਸਿਖਿਆਵਾਂ ਉੱਤੇ ਇਹ ਪੁਸਤਕ ਪੰਜਾਬੀ ਬੋਲੀ ਵਿਚ ਤਿਆਰ ਕੀਤੀ ਹੈ। ਹਾਲਾਂਕਿ ਮੂਲ ਰਚਨਾ ਉਪਾਧਿਆਇ ਸ਼੍ਰੀ ਅਮਰ ਮੁਨੀ ਜੀ ਮਹਾਰਾਜ ਦੀ ਹੈ, ਪਰ ਪੰਜਾਬੀ ਅਨੁਵਾਦ ਵਿਚ ਰਾਵਿੰਦਰ ਜੀ ਨੇ ਆਪਣੀ ਸੂਝ-ਬੂਝ ਨਾਲ ਕੁਝ ਮੌਲਿਕਤਾ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਪੰਜਾਬੀ ਭਾਸ਼ਾ ਵਿਚ ਜੈਨ ਧਰਮ ਸਬੰਧੀ ਸਾਹਿੱਤ ਲਗਭਗ ਨਹੀਂ ਦੇ ਬਰਾਬਰ ਹੈ ਇਸ ਲਈ ਜੋ ਕੁਝ ਵੀ ਕੋਈ ਸੱਜਨ ਜੈਨ ਧਰਮ ਦੇ ਬਾਰੇ ਪੰਜ਼ਾਬੀ ਵਿਚ ਲਿਖਦਾ ਅਤੇ ਪ੍ਰਕਾਸ਼ਿਤ ਕਰਦਾ ਹੈ ਅਸੀਂ ਉਸ ਦਾ ਹਾਰਦਿਕ ਸੁਆਗਤ ਕਰਦੇ ਹਾਂ। ਕਿਉਂਕਿ ਪੰਜਾਬੀ ਵਿਚ ਜੈਨ ਸਾਹਿਤ ਸਿਰਜਨ ਕਰਨ ਨਾਲ ਅਸੀਂ ਨਾ ਕੇਵਲ ਜੈਨ ਧਰਮ ਦੇ ਪ੍ਰਚਾਰ ਵਿਚ ਹੀ ਵਾਧਾ ਕਰਦੇ ਹਾਂ ਬਲਕਿ ਪੰਜਾਬੀ ਬੋਲੀ ਦੇ ਵਿਕਾਸ ਵਿਚ ਵੀ ਹੱਥ ਵਟਾਂਦੇ ਹਾਂ।

੧੯੭੪-੭੫ ਦੇ ਸਾਲ ਵਿਚ ਤੀਰਥੰਕਰ ਮਹਾਂਵੀਰ ਜੀ ਦੇ ਨਿਰਵਾਨ ਦੀ 25ਵੀਂ ਸ਼ਤਾਬਦੀ ਮਨਾਈ ਜਾ ਰਹੀ ਹੈ। ਇਸ ਲਈ ਇਹ ਪਵਿੱਤਰ ਅਤੇ ਮਹੱਤਵਪੂਰਣ ਸਾਲ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ, ਵਿਚ ਜੈਨ ਧਰਮ ਦਰਸ਼ਨ ਦੇ ਅਧਿਐਨ ਦਾ ਪ੍ਰਬੰਧ ਕਰ ਦਿੱਤਾ ਗਿਆ ਹੈ। ਇਥੇ ਪੰਜਾਬ ਦੀ ਪਚੀਸਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਸੰਯੋਜਿਕਾ ਸਮਿਤੀ ਦੇ ਸਹਿਯੋਗ ਨਾਲ ਸ੍ਰੀ ਰਵਿੰਦਰ ਕੁਮਾਰ ਜੈਨ ਨੇ ਤਿਆਗਪੂਰਣ ਜਤਨ ਨਾਲ ਇਸ ਵਿਭਾਗ ਦੀ ਲਾਇਬਰੇਰੀ ਵਾਸਤੇ ਬਹੁਤ ਸਾਰੇ ਕੀਮਤੀ ਧਰਮ-ਗ੍ਰੰਥ ਭੇਟ ਕੀਤੇ ਹਨ। ਸ੍ਰੀ ਜੈਨ ਇਕ ਉਦਯੋਗੀ ਅਤੇ ਲਾਇਕ ਨਵਯੁਵਕ ਜੈਨ ਕਾਰਜਕਰਤਾ ਹਨ। ਮੈਂ ਆਸ ਕਰਦਾ ਹਾਂ ਕਿ ਇਨ੍ਹਾਂ ਦੀ ਪੁਸਤਕ ਪਾਠਕਾਂ ਲਈ ਉਪਯੋਗੀ ਅਤੇ ਪ੍ਰੇਰਣਾ ਦੇਣ ਵਾਲੀ ਸਾਬਿਤ ਹੋਵੇਗੀ।

**ਐਲ. ਐਮ. ਜੋਸ਼ੀ,**
ਐਮ. ਏ. ਪੀ. ਐਚ. ਡੀ
ਰੀਡਰ ਬੁੱਧਇਜ਼ਮ

# ਕੀ ਕਿਥੇ ਹੈ ?


| ਵਿਸ਼ਾ | ਸਫਾ ਨੰ: |
|---|---|
| **1. ਮਹਾਵੀਰ ਦੀਆਂ ਜੀਵਨ ਰੇਖਾਵਾਂ :** | |
| ਗ੍ਰਹਿਸਥ ਜੀਵਨ | 1-11 |
| ਸਾਧੂ ਜੀਵਨ | 12-29 |
| ਤੀਰਥੰਕਰ ਜੀਵਨ | 30-49 |
| **2. ਮਹਾਵੀਰ ਦੇ ਸਿੱਧਾਂਤ :** | |
| ਗੁਲਾਮੀ ਤੋਂ ਮੁਕਤ : ਅਪਰਿਗ੍ਰਹਿ | 52-57 |
| ਆਤਮਾ ਦਾ ਸੰਗੀਤ : ਅਹਿੰਸਾ | 58-66 |
| ਜੈਨ-ਦਰਸ਼ਨ ਦੀ ਮੁਖ ਆਵਾਜ਼ : ਅਨੇਕਾਂਤ | 66-82 |
| ਮਹਾਵੀਰ ਦੀ ਅਮਰ ਦੇਣ : ਏਕਤਾ | 83-91 |
| ਨੈਤਿਕਤਾ ਦਾ ਮੂਲ ਆਧਾਰ : ਕਰਮਵਾਦ | 92-107 |
| ਇਕ ਸੰਦੇਸ਼ : ਮਨੁੱਖ ਹੀ ਈਸ਼ਵਰ ਹੈ | 108-118 |
| **3. ਮਹਾਵੀਰ ਦੇ ਉਪਦੇਸ਼ :** | |
| ਆਤਮਾ | 120-122 |
| ਕਰਮਵਾਦ | 122-123 |
| ਅਹਿੰਸਾ | 124-125 |
| ਸੱਚ | 125-126 |
| ਬ੍ਰਹਮਚਰਯਾ | 127-128 |
| ਅਪਰਿਗ੍ਰਹਿ | 128-129 |
| ਵੈਰਾਗ | 129-131 |
| ਮੋਕਸ਼ | 131-132 |

# ਗ੍ਰਿਹਸਥ ਜੀਵਨ

## ☬ ਜਨਮ ਤੋਂ ਪਹਿਲਾਂ

ਅੱਜ ਅਸੀਂ ਢਾਈ ਹਜ਼ਾਰ ਸਾਲ ਪਹਿਲਾਂ ਦੇ ਭਾਰਤ ਦੀ ਗੱਲ ਕਰ ਰਹੇ ਹਾਂ । ਉਹ ਸਮਾਂ ਭਾਰਤੀ-ਸੰਸਕ੍ਰਿਤੀ ਦੇ ਇਤਿਹਾਸ ਵਿਚ ਇਕ ਹਨੇਰ ਪੂਰਨ ਯੁਗ ਮੰਨਿਆ ਜਾਂਦਾ ਹੈ। ਉਸ ਸਮੇਂ ਦੀ ਇਤਿਹਾਸਿਕ ਸਮੱਗਰੀ ਨੂੰ ਜਿਉਂ ਹੀ ਕੋਈ ਸੂਝਵਾਨ ਚੁਕਕੇ ਵੇਖਦਾ ਹੈ, ਤਾਂ ਅਚਾਨਕ ਹੀ ਹੈਰਾਨ ਹੋ ਉਠਦਾ ਹੈ ਕਿ ਕਦੇ ਭਾਰਤੀ ਸੰਸਕ੍ਰਿਤੀ ਵੀ ਇੰਨੀ ਪੱਛੜੀ, ਠੁਕਰਾਈ ਬੇਡੌਲ ਅਤੇ ਬੇਇੱਜ਼ਤ ਰਹਿ ਚੁਕੀ ਹੈ ।

ਜਿਥੋਂ ਤਕ ਬੌਧਿਕ ਵਿਕਾਸ ਦੀ ਗੱਲ ਹੈ । ਉਹ ਯੁਗ ਇਕ ਬਚਿੱਤਰ ਸਥਿਤੀ ਵਿਚੋਂ ਗੁਜ਼ਰ ਰਿਹਾ ਸੀ । ਦਾਰਸ਼ਨਿਕ ਵਿਚਾਰਾਂ ਦੀ ਥਾਂ ਅੰਧ-ਸ਼ਰਧਾ ਨੇ ਲੈ ਲਿਆ ਸੀ ਜਨਤਾ ਅੰਧ-ਵਿਸ਼ਵਾਸਾਂ ਅਤੇ ਝੂਠੇ ਵਹਿਮਾਂ ਵਿਚ ਹੀ ਆਪਣੇ ਕਰਤੱਵ ਦੀ ਪੂਰਤੀ ਸਮਝੀ ਬੈਠੀ ਸੀ । ਅਕਸਰ ਧਰਮ ਗੁਰੂ, ਬਾਬਾ, ਮਹੰਤ ਕੁਲ ਗੁਰੂ, ਪਾਂਡੇ ਅਤੇ ਪੁਰੋਹਿਤ ਹੀ ਉਸ ਯੁੱਗ ਦੇ ਵਿਚਾਰਾਂ ਨੂੰ ਘੜਨ ਵਾਲੇ ਸਨ । ਇਸ ਲਈ ਉਹ ਆਪਣੇ ਮਨ ਮੁਤਾਬਿਕ ਜਿਧਰ ਚਾਹੁੰਦੇ, ਉਧਰ ਹੀ ਸ਼ਾਸਤਰਾਂ ਦੇ

ਅਰਥਾਂ ਨੂੰ ਰੋੜ੍ਹਕੇ ਲੈ ਜਾਂਦੇ ਅਤੇ ਜਨਤਾ ਨੂੰ ਉਂਗਲਾਂ ਤੇ ਨਚਾਉਂਦੇ।

ਸਦਾਚਾਰ ਦੀ ਦ੍ਰਿਸ਼ਟੀ ਤੋਂ ਭੀ ਉਹ ਯੁਗ ਭੈੜੀ ਹਾਲਤ ਤੇ ਪਹੁੰਚ ਚੁਕਾ ਸੀ। ਸਦਾਚਾਰ ਦਾ ਅਰਥ, ਉਸ ਯੁੱਗ ਦੀ ਪਰਿਭਾਸ਼ਾ ਵਿਚ ਦੇਵੀ-ਦੇਵਤਿਆਂ ਨੂੰ ਪੂਜ ਲੈਣਾ ਸੀ। ਪਸ਼ੂ-ਬਲੀ ਅਤੇ ਨਰ-ਬਲੀ ਦੇ ਨਾਉਂ ਤੇ ਬੇ-ਕਸੂਰ ਜੀਵਾਂ ਨੂੰ ਮੌਤ ਦੇ ਘਾਟ ਉਤਾਰ ਦੇਣਾ ਸੀ ਅਤੇ ਹੋਰ ਵੀ ਮੰਤਰਾਂ-ਤੰਤਰਾਂ ਦੇ ਚੱਕਰ, ਜਿਨ੍ਹਾਂ ਵਿਚ ਖੁਲ੍ਹਮਖੁੱਲ੍ਹ ਮਾਸ ਖਾਣਾ, ਸੁਰਾਪਾਨ (ਸ਼ਰਾਬ ਪੀਣਾ) ਅਤੇ ਵਿਭਚਾਰ।

ਉਸ ਸਮੇਂ ਸਮਾਜਿਕ-ਸੰਗਠਨ ਜਾਤ-ਪਾਤ ਦੇ ਜ਼ਹਿਰੀਲੇ ਸਿੱਧਾਂਤ ਤੇ ਅਧਾਰਿਤ ਸੀ। ਅਖੰਡ ਮਨੁੱਖ ਜਾਤੀ ਬ੍ਰਾਹਮਣ, ਵੈਸ਼, ਸੂਦਰ, ਮਹਾਂ ਸ਼ੂਦਰ, ਅਛੂਤ ਅਤੇ ਨਾ-ਮਾਲੂਮ ਕਿਹੜੇ-ਕਿਹੜੇ ਅਟਪਟੇ ਨਾਵਾਂ ਵਾਲੇ ਟੁਕੜਿਆਂ ਵਿਚ ਵੰਡਕੇ ਭਿੰਨ ਭਿੰਨ ਹੋ ਗਈ ਸੀ। ਅਤੇ ਆਪਸ ਵਿਚ ਹੀ ਇਕ ਦੂਸਰੇ ਦੇ ਖ਼ੂਨ ਦੀ ਪਿਆਸੀ ਬਣ ਗਈ ਸੀ। ਸਾਮਾਜਿਕ ਬਰਾਬਰੀ ਦਾ ਤਾਂ ਉਨ੍ਹਾਂ ਦਿਨਾਂ ਵਿਚ ਸੁਪਨਾ ਵੀ ਨਹੀਂ ਸੀ ਲਿਆ ਜਾਂਦਾ। ਸ਼ੂੱਦਰਤਾ ਅਤੇ ਛੂਆ-ਛੂਤ ਦੇ ਨਾਂ ਤੇ ਕਰੋੜਾਂ ਦੀ ਗਿਣਤੀ ਵਿਚ ਮਨੁੱਖੀ ਦੇਹਧਾਰੀ, ਮਨੁੱਖਤਾ ਦੇ ਅਧਿਕਾਰ ਤੋਂ ਵਾਂਝੇ ਕਰ ਦਿਤੇ ਗਏ ਸਨ। ਉਹ ਪਸ਼ੂਆਂ ਤੋਂ ਵੀ ਗਈ ਗੁਜ਼ਰੀ ਹਾਲਤ ਵਿਚ ਜੀਵਨ ਗੁਜ਼ਾਰ ਰਹੇ ਸਨ। ਮਨੁੱਖ ਦਾ, ਮਨੁੱਖ ਦੇ ਤੌਰ ਤੇ ਮਾਣ ਕਰਨਾ ਉਸ ਸਮੇਂ ਨਫ਼ਰਤ ਦੀ ਨਿਗ੍ਹਾ ਨਾਲ ਵੇਖਿਆ ਜਾਂਦਾ ਸੀ।

ਸਤਿਕਾਰ ਯੋਗ ਮਾਤਾਵਾਂ ਦੀ ਦਸ਼ਾ ਵੀ ਤਰਸ-ਯੋਗ ਸੀ। ਉਹ ਘਰ ਦੀ ਮਾਲਕਣ ਦੀ ਥਾਂ ਤੇ ਘਰ ਦੀ ਨੌਕਰਾਣੀ ਬਣਾ ਦਿਤੀ ਗਈ ਸੀ। ਉਹਨਾਂ ਨੂੰ ਹਰ ਤਰ੍ਹਾਂ ਨਾਲ ਭੈੜਾ, ਇਥੋਂ ਤਕ ਕਿ ਪਾਪਾਂ ਤੇ ਦੁਰਾਚਾਰ ਦੀ ਮੂਰਤੀ ਸਮਝਿਆ ਜਾਂਦਾ ਸੀ (न स्त्री स्वतन्त्रयमर्हति) ਇਸਤਰੀ ਸੁਤੰਤਰ ਰਹਿਨ ਯੋਗ ਨਹੀਂ ਹੈ। ਇਹ ਬੇ-ਬੁਨਿਆਦ ਨਾਹਰਾ ਚਾਰੇ ਪਾਸੇ ਗੂੰਜ ਰਿਹਾ ਸੀ। ਫੇਰ ਉਨ੍ਹਾਂ ਦੇ ਹੱਥੋਂ ਸਮਾਜਿਕ ਬਰਾਬਰੀ ਦੇ ਅਧਿਕਾਰ ਖੋਹ ਲਏ ਗਏ ਸਨ। ਹੋਰ ਤਾਂ ਹੋਰ ਉਨ੍ਹਾਂ ਨੂੰ ਧਰਮ-ਕਰਮ ਅਤੇ ਭਗਤੀ ਦੇ ਵੀ ਅਧਿਕਾਰ ਨਹੀਂ ਸਨ। ਉਨ੍ਹਾਂ ਦੇ ਜਾਤ-ਕਰਮ ਆਦਿ ਦੇ ਸੰਸਕਾਰ ਵੀ ਬਿਨਾਂ ਮੰਤਰਾਂ ਤੋਂ ਕੀਤੇ ਜਾਂਦੇ ਸਨ। ਕਿਤੇ ਮੰਤਰ ਹੀ ਅਪਵਿੱਤਰ ਨਾ ਹੋ ਜਾਵੇ ਇਸ ਡਰ ਤੋਂ।

ਪੁਰਾਣਾ ਧਰਮ-ਸੰਘ ਖਿਲਰੀ ਹਾਲਤ ਵਿਚ ਜਿੰਦਗੀ ਦੇ ਆਖਰੀ ਸਾਹ ਗਿਣ ਰਿਹਾ ਸੀ। ਉਨ੍ਹਾਂ ਦਾ ਪੁਰਾਣਾ ਆਦਰਸ਼, ਪੁਰਾਣਾ ਤੇਜ਼ ਠੰਡਾ ਪੈ ਚੁਕਿਆ ਸੀ। ਉਹ ਲੋਕ-ਭਰਮਾਂ ਦੇ ਦਲਦਲ ਵਿਚ ਪੂਰੀ ਤਰ੍ਹਾਂ ਫਸੇ ਹੋਏ ਸਨ। ਧਰਮ ਦੇ ਨਾਂ ਤੇ ਆਪਣੇ-ਆਪਣੇ ਰਾਹ ਅਨੁਸਾਰ ਸਿਰਫ ਪੂਜਾ-ਪਾਠ ਕਰ ਲੈਣਾ ਹੀ ਕਾਫੀ ਸਮਝਿਆ ਜਾਂਦਾ ਸੀ। ਆਤਮ-ਤਿਆਗ ਅਤੇ ਅੰਦਰਲੀ ਪਵਿੱਤਰਤਾ ਆਦਿ ਜੋ ਅਸਲ ਧਰਮ ਦੇ ਅੰਗ ਹਨ, ਉਨ੍ਹਾਂ ਲਈ ਉਸ ਯੁੱਗ ਵਿਚ ਕੋਈ ਉਚਿੱਤ ਥਾਂ ਨਹੀਂ ਸੀ। ਜ਼ਿਆਦਾ ਕੀ, ਪ੍ਰਸਿੱਧ ਵਿਦਵਾਨ ਸ੍ਰੀ ਰਾਘਵ ਆਚਾਰੀਆ ਦੇ ਸ਼ਬਦਾਂ ਵਿਚ ਆਖੀਏ ਤਾਂ "ਕਟਰਤਾ-ਪੂਰਣ

ਅਗਿਆਨ, ਮਿੱਥਿਆ ਵਿਸ਼ਵਾਸ ਨਾਲ ਭਰਪੂਰ ਕ੍ਰਿਆ-ਕਾਂਡ ਅਤੇ ਸਮਾਜ ਦੇ ਇਕ ਵਰਗ ਦੁਆਰਾ ਦੂਸਰੇ ਵਰਗ ਦਾ ਲੁਟਿਆ ਜਾਣਾ ਇਹ ਤਿੰਨ ਵਿਸ਼ੇਸ਼ਤਾਵਾਂ ਉਸ ਯੁੱਗ ਦੀਆਂ ਸਨ।"

ਭਗਵਾਨ ਪਾਰਸ਼ ਨਾਥ ਜੀ ਦਾ ਸ਼ਾਸਨ (ਧਰਮ) ਹੁਣ ਵੀ ਚੱਲ ਰਿਹਾ ਸੀ ਪਰ ਉਸ ਵਿਚ ਉਹ ਪਹਿਲਾਂ ਵਾਲਾ ਤੇਜ਼ ਨਹੀਂ ਸੀ ਰਿਹਾ। ਉਹ ਕਾਫੀ ਸੁਸਤ ਹੋ ਚੁਕਿਆ ਸੀ। ਚਹੁੰ ਪਾਸੇ ਜੋ ਪਾਖੰਡ ਦੀ ਹਨੇਰੀ ਉੱਠ ਰਹੀ ਸੀ ਉਹ ਉਸ ਨੂੰ ਦ੍ਰਿੜ੍ਹਤਾ ਦੇ ਨਾਲ ਰੋਕ ਨਹੀਂ ਸਕਦਾ ਸੀ। ਬੜੇ-ਬੜੇ ਵਿਦਵਾਨ, ਜੈਨ ਆਚਾਰੀਆ ਆਪਣਾ ਹੌਸਲਾ ਖੋ ਬੈਠੇ ਸਨ। ਉਸ ਸਮੇਂ ਦੇ ਮਹਾਂਮੁਨੀ ਸ੍ਰੀ ਕੇਸ਼ੀ ਕੁਮਾਰ 'ਸ਼ਰਮਣ' ਦੇ ਸ਼ਬਦਾਂ ਵਿਚ ਇਹ ਸੋਚ ਰਹੇ ਸਨ ਕਿ "ਕੀ ਕੀਤਾ ਜਾਵੇ, ਚਹੁੰ ਪਾਸੇ ਹਨੇਰਾ ਹੀ ਹਨੇਰਾ ਹੈ। ਵਿਚਾਰੀ ਜਨਤਾ ਅੰਧਕਾਰ ਵਿਚ ਰਸਤੇ ਤੋਂ ਭਟਕ ਰਹੀ ਹੈ। ਕਿਤੇ ਪ੍ਰਕਾਸ਼ ਨਹੀਂ ਮਿਲਦਾ। ਹੁਣ ਕੌਣ ਮਹਾਂਪੁਰਸ਼ ਪੈਦਾ ਹੋਵੇਗਾ, ਜੋ ਭਾਰਤ ਦੇ ਆਕਾਸ਼ ਤੇ ਸੂਰਜ ਬਣਕੇ ਪ੍ਰਗਟ ਹੋਵੇਗਾ ਅਤੇ ਸਭ ਪਾਸੇ ਪ੍ਰਕਾਸ਼ ਹੀ ਪ੍ਰਕਾਸ਼ ਚਮਕਾ ਦੇਵੇਗਾ।"

ਸੰਖੇਪ ਵਿਚ ਇੰਝ ਕਹਿਣਾ ਚਾਹੀਦਾ ਹੈ ਕਿ ਇਕ ਮਹਾਨ ਹਸਤੀ ਦੇ ਜਨਮ ਲੈਣ ਦਾ ਸਮਾਂ ਆ ਚੁਕਿਆ ਸੀ।

### ❀ ਮਗਧ ਵਿਚ ਸੂਰਜ ਚਮਕਿਆ

ਅੱਜ ਦਾ ਬਿਹਾਰ ਪ੍ਰਾਂਤ ਮਹਾਂਪੁਰਸ਼ਾਂ ਨੂੰ ਪੈਦਾ ਕਰਨ ਦੀ ਦ੍ਰਿਸ਼ਟੀ ਨਾਲ ਗੌਰਵਸ਼ਾਲੀ ਰਿਹਾ ਹੈ, ਅਨੇਕਾਂ ਮਹਾਂਪੁਰਸ਼ਾਂ

ਨੇ ਇਸ ਪਵਿੱਤਰ ਭੂਮੀ ਤੋਂ ਜਨਮ ਲਿਆ ਹੈ, ਧਰਮ ਦਾ ਪ੍ਰਚਾਰ ਕੀਤਾ ਹੈ, ਅਤੇ ਨਸ਼ਟ ਹੋਈ ਭਾਰਤੀ-ਸੰਸਕ੍ਰਿਤੀ ਨੂੰ ਮੁਢ ਤੋਂ ਨਵੀਂ ਜਿੰਦਗੀ ਦੇ ਕੇ ਭਾਰਤ ਦੇ ਗੌਰਵ ਨੂੰ ਕਾਇਮ ਰਖਿਆ ਹੈ।

ਹਾਂ, ਤਾਂ, ਇਸੇ ਪਵਿੱਤਰ ਭੂਮੀ ਤੇ ਉਹ ਸੂਰਜ ਪ੍ਰਗਟ ਹੋਇਆ, ਜਿਸਦੀ ਵੱਲ ਉਪਰਲੀਆਂ ਸਤਰਾਂ ਵਿਚ ਇਸ਼ਾਰਾ ਦਿੱਤਾ ਗਿਆ ਹੈ। ਉਹ ਕੋਈ ਸੂਰਜ ਹੋਰ ਨਹੀਂ ਸਾਡੇ ਸਿਮਰਣ-ਯੋਗ, ਸ਼੍ਰਮਣ, ਸਨਮਤਿ ਭਗਵਾਨ ਮਹਾਂਵੀਰ ਹਨ। ਜਿਨ੍ਹਾਂ ਦੇ ਪਵਿੱਤਰ ਜਨਮ ਨਾਲ ਇਕ ਦਿਨ ਇਹ ਭਾਰਤ ਭੂਮੀ ਜਗਮਗਾ ਉੱਠੀ ਸੀ।

ਅਜ ਤੋਂ ਕਰੀਬ ਛੱਬੀ ਸਦੀਆਂ (੨੫੭੨) ਪਹਿਲਾਂ ਦੀ ਗਲ ਹੈ ਬਿਹਾਰ ਪ੍ਰਾਂਤ ਵਿਚ ਵੈਸ਼ਾਲੀ ਦਾ ਇਕ ਹਿੱਸਾ 'ਖੱਤਰੀ ਕੁੰਡ' ਨਾਮੀ ਨਗਰ ਸੀ। ਪ੍ਰਾਚੀਨ ਖੋਜੀਆਂ ਦੇ ਮੱਤ ਅਨੁਸਾਰ ਬਿਹਾਰ ਪ੍ਰਾਂਤ ਦੇ ਗਯਾ ਜ਼ਿਲੇ ਵਿਚ ਜਿੱਥੇ ਅਜ ਲਖਵਾੜ ਪਿੰਡ ਵਸਿਆ ਹੈ, ਉਹ ਹੀ ਖੱਤਰੀ ਕੁੰਡ ਗ੍ਰਾਮ ਦੀ ਅਸਲ ਥਾਂ।*

---

* ਪਰ ਹੁਣ ਇਹ ਗਲ ਪੂਰੀ ਤਰ੍ਹਾਂ ਸਿੱਧ ਹੋ ਚੁਕੀ ਹੈ ਕਿ ਭਗਵਾਨ ਮਹਾਂਵੀਰ ਜੀ ਦਾ ਜਨਮ ਮੁਜ਼ਫ਼ਰ ਪੁਰ ਜ਼ਿਲ੍ਹਾ ਦੇ 'ਵੈਸ਼ਾਲੀ' ਨਗਰ ਵਿੱਚ ਹੋਇਆ ਸੀ। ਜਿਸ ਨੂੰ ਅੱਜ ਕੱਲ੍ਹ 'ਵੈਸਾੜ' ਆਖਦੇ ਹਨ। ਉਥੇ ਇਕ ਬੜਾ ਮੈਦਾਨ ਪਿਆ ਹੈ। ਜਿਸਨੂੰ ਲੋਕ ਭਗਵਾਨ ਮਹਾਂਵੀਰ ਦਾ ਜਨਮ-ਅਸਥਾਨ ਮੰਨਦੇ ਹਨ। ਉਨ੍ਹਾਂ ਉਥੇ ਕਦੇ ਹੱਲ ਨਹੀਂ ਚਲਾਇਆ। ਉਥੋਂ ਕਾਫ਼ੀ ਮੋਹਰਾਂ ਤੇ ਕੁਝ ਮੂਰਤੀਆਂ ਪ੍ਰਾਪਤ ਹੋਈਆਂ ਹਨ। ਇਕ ਮੋਹਰ ਵਿਚ

[ਬਾਕੀ ਪੰਨਾ 6 ਤੇ ਦੇਖੋ[

ਕੁੰਡ, ਗਿਆਤ ਬੰਸ ਦੇ ਖੱਤਰੀਆਂ ਦਾ ਪ੍ਰਧਾਨ ਕੇਂਦਰ ਸੀ। ਇਕ ਪ੍ਰਕਾਰ ਨਾਲ ਇਹ ਗਿਆਤ ਖੱਤਰੀਆਂ ਦੀ ਇਕ ਛੋਟੀ ਰਾਜਧਾਨੀ ਮੰਨੀ ਜਾਂਦੀ ਸੀ। ਉਥੇ ਗਿਆਤ ਖੱਤਰੀਆਂ ਦੇ ਪ੍ਰਧਾਨ ਸ੍ਰੀ ਸਿੱਧਾਰਥ ਖੱਤਰੀ ਰਾਜ ਕਰਦੇ ਸਨ, ਇਨ੍ਹਾਂ ਦੀ ਰਾਣੀ ਪ੍ਰਿਅਕਾਰਨੀ ਤ੍ਰਿਸ਼ਲਾ ਬੱਜੀ, ਪ੍ਰਜਾਤੰਤਰ ਦੇ ਮੁਖੀਏ ਵੈਸ਼ਾਲੀ ਦੇ ਰਾਜੇ ਚੇਟਕ ਦੀ ਭੈਣ ਸੀ।

ਚੇਤਰ ਦਾ ਪਵਿੱਤਰ ਮਹੀਨਾ ਸੀ। ਸਰਵਸਿੱਧਾ ਤਿਰੋਦਸ਼ੀ ਦਾ ਦਿਨ ਸੀ, ਭਗਵਾਨ ਮਹਾਂਵੀਰ ਜੀ ਦਾ ਸਿੱਧਾਰਥ ਰਾਜਾ ਦੇ ਘਰ ਤ੍ਰਿਸ਼ਲਾ ਜੀ ਦੀ ਕੁੱਖੋਂ ਭਾਰਤ-ਭੂਮੀ ਤੇ ਅਵਤਾਰ ਹੋਇਆ।

ਇਹ ਸੁਲਹਿਰੀ ਦਿਨ ਜੈਨ ਇਤਿਹਾਸ ਵਿਚ ਬੜਾ ਗੌਰਵ-ਸ਼ਾਲੀ ਦਿਨ ਮੰਨਿਆ ਜਾਂਦਾ ਹੈ। ਜੈਨ ਇਤਿਹਾਸ ਹੀ ਨਹੀਂ, ਸਗੋਂ ਭਾਰਤ ਦੇ ਇਤਿਹਾਸ ਵਿਚ ਵੀ ਇਹ ਦਿਨ ਸੁਨਹਿਰੀ ਅੱਖਰਾਂ ਵਿਚ ਲਿਖਿਆ ਗਿਆ ਹੈ। ਡੁਬਦੀ ਹੋਈ ਭਾਰਤ ਦੀ ਬੇੜੀ ਦੇ ਮੱਲਾਹ ਨੇ ਅੱਜ ਦੇ ਦਿਨ ਹੀ ਸਾਡੇ ਬਜ਼ੁਰਗਾਂ ਨੂੰ ਸਭ ਤੋਂ ਪਹਿਲਾਂ ਬਾਲਕ ਰੂਪ ਵਿਚ ਦਰਸ਼ਨ ਦਿੱਤੇ ਸਨ।

---

ਇਸ ਤਰ੍ਹਾਂ ਸਪੱਸ਼ਟ ਕੀਤਾ ਗਿਆ ਹੈ :—

वैशालीगाम कुण्डे कुमारमात्याधिकरण: (स्य)

*A. S. I. R for* 1913-14 *Plate XIVII (with an account P* 134 *Seat No.* 200*)*·

ਇਥੇ ਕੁੰਡ ਸ਼ਬਦ ਸਪੱਸ਼ਟ ਕੁੰਡ ਗ੍ਰਾਮ ਜਾਂ ਖੱਤਰੀ ਕੁੰਡ ਹੈ। ਇਥੇ ਭਾਰਤ ਸਰਕਾਰ ਵਲੋਂ ਇਕ ਸ਼ਿਲਾਲੇਖ ਤੇ ਜੈਨ ਪ੍ਰਾਕ੍ਰਿਤ ਵਿਦਿਆ ਪੀਠ ਹੈ। [ਅਨੁਵਾਦਕ]

ਬਾਲਕ ਮਹਾਂਵੀਰ ਦਾ ਨਾਂ ਮਾਤਾ-ਪਿਤਾ ਦੁਆਰਾ ਵਰਧਮਾਨ ਰਖਿਆ ਗਿਆ ਸੀ । ਪਰ ਅੱਗੇ ਚੱਲ ਕੇ ਜਦੋਂ ਉਹ ਬੜੇ ਹੌਂਸਲੇ ਵਾਲੇ, ਪੱਕੇ ਨਿਸ਼ਚੇ ਵਾਲੇ ਤੇ ਕਸ਼ਟਾਂ ਤੇ ਜਿੱਤ ਪਾਉਣ ਵਾਲੇ ਮਹਾਂਪੁਰਸ਼ ਦੇ ਰੂਪ ਵਿਚ ਸੰਸਾਰ ਦੇ ਸਾਮ੍ਹਣੇ ਆਏ । ਤਦੋਂ ਤੋਂ ਆਪ ਮਹਾਂਵੀਰ ਦੇ ਨਾਉਂ ਨਾਲ ਸੰਸਾਰ 'ਚ ਪ੍ਰਸਿੱਧ ਹੋਏ ।

## ❀ ਪਰਿਵਾਰਿਕ ਜੀਵਨ

ਬਾਲਕ ਮਹਾਂਵੀਰ ਬਚਪਨ ਤੋਂ ਹੀ ਹੋਣਹਾਰ ਸਨ । ਆਪ ਵਿਚ ਬੇਮਿਸਾਲ ਹੌਂਸਲਾ ਸੀ । ਇਸ ਸੰਬੰਧ ਵਿਚ ਆਪਦੇ ਬਚਪਨ ਬਾਰੇ ਕਈ ਕਹਾਣੀਆਂ ਜੈਨ ਸਾਹਿੱਤ ਵਿਚ ਮਿਲਦੀਆਂ ਹਨ ।

ਮਹਾਂਪੁਰਸ਼ ਪਿਛਲੇ ਜਨਮ ਤੋਂ ਹੀ ਪਵਿੱਤਰ ਸੰਸਕਾਰ ਲੈਕੇ ਆਉਂਦੇ ਹਨ । ਉਨ੍ਹਾਂ ਦਾ ਜੀਵਨ ਕਈ ਜਨਮਾਂ ਤੋਂ ਬਦਲਦਾ-ਬਦਲਦਾ ਆਖਰੀ ਜਨਮ ਵਿਚ ਜਾ ਕੇ ਪੂਰਾ ਹੁੰਦਾ ਹੈ । ਸੋ ਮਹਾਂਵੀਰ ਸ਼ੁਰੂ ਤੋਂ ਹੀ ਦਿਆਲੂ, ਨੀਤੀਵਾਨ ਅਤੇ ਗਿਆਨਵਾਨ ਸਨ । ਜਦ ਕਿਤੇ ਇਕਾਂਤ ਵੇਖਦੇ ਸੋਚ ਵਿਚਾਰ ਵਿਚ ਲੱਗ ਜਾਂਦੇ ਤੇ ਘੱਣੀ ਬੁੱਧੀ ਦੇ ਅਧਿਆਤਮਕ ਵਿਚਾਰ-ਸਾਗਰ ਵਿਚ ਡੁਬਕੀਆਂ ਲਗਾਂਦੇ ਰਹਿੰਦੇ ।

ਰਾਜਾ ਸਿੱਧਾਰਥ ਮਹਾਵੀਰ ਜੀ ਦੀ ਇਸ ਚਿੰਤਨਸ਼ੀਲ ਪ੍ਰਿਬ੍ਰਤੀ (ਆਦਤ) ਤੋਂ ਡਰਦੇ ਸਨ ਕਿ ਕਿਤੇ ਰਾਜ ਕੁਮਾਰ ਵੈਰਾਗ ਦੇ ਰਾਹ ਤੇ੍ ਨਾ ਚਲਾ ਜਾਵੇ । ਇਸ ਲਈ ਉਨ੍ਹਾਂ ਸਮਰਬੀਰ ਰਾਜਾ ਦੀ ਸਪੁੱਤਰੀ ਯਸ਼ੋਧਾ ਨਾਲ ਜੋ ਆਪਣੇ

ਸਮੇਂ ਦੀ ਅਨੁਪਮ ਸੁੰਦਰੀ ਸੀ, ਛੇਤੀ ਹੀ ਮਹਾਂਵੀਰ ਜੀ ਦਾ ਵਿਆਹ ਕਰ ਦਿੱਤਾ ।

ਮਹਾਂਵੀਰ ਜੀ ਵਿਆਹ ਦੇ ਲਈ ਤਿਆਰ ਨਹੀਂ ਸਨ । ਉਹ ਆਪਣੇ ਨਿਸ਼ਚਿਤ ਨਿਸ਼ਾਨੇ ਤੇ ਪਹੁੰਚਣਾ ਚਾਹੁੰਦੇ ਸਨ । ਪਰ ਪਿਤਾ ਦੀ ਜਿੱਦ ਅਤੇ ਮਾਂ ਦੇ ਹੱਠ ਨੇ ਉਨ੍ਹਾਂ ਨੂੰ ਵਿਆਹ ਦੇ ਲਈ ਮਜ਼ਬੂਰ ਕਰ ਦਿੱਤਾ । ਮਹਾਂਵੀਰ ਮਾਤਾ ਪਿਤਾ ਦੇ ਪਕੇ ਭਗਤ ਸਨ, ਇਸ ਲਈ ਉਨ੍ਹਾਂ ਦੇ ਦਿਲ ਨੂੰ ਜ਼ਰਾ ਵੀ ਠੇਸ ਪਹੁੰਚਾਣਾ ਮਹਾਂਵੀਰ ਜੀ ਦਾ ਭਾਵਕ ਦਿਲ ਸਵੀਕਾਰ ਨਾ ਕਰ ਸਕਿਆ ।

ਮਹਾਂਵੀਰ ਵਿਆਹ ਦੇ ਬੰਧਨਾਂ ਵਿਚ ਬੰਨ੍ਹੇ ਗਏ । ਧਰਮ-ਪਤਨੀ ਭੀ ਸੁੰਦਰ ਤੇ ਸੁਸ਼ੀਲ ਸੀ । ਰਾਜ-ਪਾਟ ਚਰਣਾਂ ਵਿਚ ਹਰ ਸਮੇਂ ਨਿਛਾਵਰ ਸੀ । ਸੰਸਾਰਿਕ ਸੁਖ-ਭੋਗਾਂ ਦੀ ਕੋਈ ਕਮੀ ਨਹੀਂ ਸੀ । ਪਰੰਤੂ ਮਹਾਂਵੀਰ ਜੀ ਦਾ ਵੈਰਾਗੀ ਹਿਰਦਾ ਇਨ੍ਹਾਂ ਦੁਨਿਆਵੀ ਉਲਝਣਾਂ ਵਿਚ ਨਹੀਂ ਉਲਝਿਆ । ਉਹ ਰਹਿ-ਰਹਿ ਕੇ ਮੋਹ-ਬੰਧਨਾਂ ਨੂੰ ਤੋੜਨ ਲਈ ਉੱਠ ਖੜੇ ਜਾਂਦੇ ਸਨ ਕਿਉਂ ਜੋ ਉਨ੍ਹਾਂ ਦੇ ਸਾਮ੍ਹਣੇ ਇਕ ਮਹਾਨ ਭਵਿੱਖ ਦਾ ਉੱਜਵਲ ਚਿੱਤਰ ਜੋ ਬਣ ਰਿਹਾ ਸੀ ।

ਇਸਦਾ ਇਹ ਅਰਥ ਨਹੀਂ ਕਿ ਮਹਾਂਵੀਰ ਜੀ ਇਕ ਸਫਲ ਗ੍ਰਹਿਸਥੀ ਨਹੀਂ ਸਨ । ਉਨ੍ਹਾਂ ਨੇ ਗ੍ਰਹਿਸਥ ਆਸ਼ਰਮ ਦੀ ਗੱਡੀ ਨੂੰ ਬੜੀ ਸਫਲਤਾ ਨਾਲ ਚਲਾਇਆ ਸੀ । ਉਸ ਸਮੇਂ ਦੀ ਰਾਜਨੀਤੀ ਤੇ ਵੀ ਆਪਣੇ ਗਿਆਨ ਤੇ ਵਿਅਕਤਿੱਤਵ ਦੀ ਛਾਪ ਖੂਬ ਚੰਗੀ ਤਰ੍ਹਾਂ ਪਾਈ ਸੀ । ਪਰਿਵਾਰ ਨੂੰ ਪੂਰਾ

ਸਨੇਹ ਪ੍ਰਦਾਨ ਕੀਤਾ। ਪਤੀ ਪਤਨੀ ਦਾ ਆਦਰਸ਼ ਪਰੇਮ ਵੀ ਖਿੱਚ ਦੀ ਚੀਜ਼ ਸੀ। ਸੰਤਾਨ ਦੇ ਰੂਪ ਵਿਚ ਪਰਿਵਾਰ ਨੂੰ ਰਾਜ ਕੁਮਾਰੀ ਪ੍ਰਿਯਾਦਰਸ਼ਨਾ ਦੇ ਨਾਉਂ ਦੀ ਇਕ ਸਪੁੱਤਰੀ ਪ੍ਰਾਪਤ ਹੋਈ ਸੀ। ਪਰ ਇਹ ਸਭ ਕੰਮ ਗ੍ਰਹਿਸਥ ਆਸ਼ਰਮ ਦੇ ਆਦਰਸ਼ ਲਈ ਸੀ। ਸੰਸਾਰਿਕ ਵਸਤਾਂ ਦੀ ਖਿੱਚ ਨਾਂ ਦੀ ਚੀਜ਼ ਮਹਾਂਵੀਰ ਜੀ ਦੇ ਲਈ ਕਦੇ ਮਹੱਤਵਪੂਰਣ ਨਹੀਂ ਸੀ ਰਹੀ।

ਰਾਜਕੁਮਾਰ ਮਹਾਂਵੀਰ ਦੀ ਉਮਰ 28 ਸਾਲ ਦੇ ਕਰੀਬ ਹੋ ਚੁੱਕੀ ਸੀ। ਇਸ ਸਮੇਂ ਮਾਤਾ ਪਿਤਾ ਦਾ ਦਿਹਾਂਤ ਹੋ ਗਿਆ ਸੀ। ਰਾਜ-ਸਿੰਘਾਸਨ ਦੇ ਲਈ ਮਹਾਂਵੀਰ ਜੀ ਦੇ ਸਾਰੇ ਪਰਿਵਾਰ ਅਤੇ ਪਰਜਾ ਦੇ ਵਲੋਂ ਜ਼ੋਰ ਪਾਇਆ ਗਿਆ ਪਰ ਉਨ੍ਹਾਂ ਸਪਸ਼ਟ ਰੂਪ ਵਿਚ ਇਨਕਾਰ ਕਰ ਦਿੱਤਾ। ਅਖੀਰ ਮਹਾਂਵੀਰ ਦੇ ਵੱਡੇ ਭਰਾ ਨੰਦੀ ਵਰਧਨ ਨੂੰ ਰਾਜ ਸਿੰਘਾਸਨ ਤੇ ਬਿਠਾ ਦਿੱਤਾ।

ਭਗਵਾਨ ਮਹਾਂਵੀਰ ਨੇ ਸਾਧੂ ਬਣਨ ਦਾ ਪ੍ਰਸਤਾਵ ਪਰਿਵਾਰ ਅੱਗੇ ਰਖਿਆ। ਪਰ ਨੰਦੀ ਵਰਧਨ ਦੇ ਬੜੇ ਜ਼ੋਰ ਪਾਉਣ ਤੇ ਦੋ ਸਾਲ ਹੋਰ ਗ੍ਰਹਿਸਥ ਆਸ਼ਰਮ ਵਿਚ ਰਹੇ। ਅਤੇ ਇਸ ਪ੍ਰਕਾਰ ਮਹਾਂਵੀਰ ਜੀ ਨੇ ਕੁਲ 30 ਸਾਲ ਦਾ ਗ੍ਰਹਿਸਥ ਜੀਵਨ ਬਿਤਾਇਆ।

## ❀ ਵੈਰਾਗ ਦੀ ਰਾਹ ਤੇ

ਭਗਵਾਨ ਮਹਾਂਵੀਰ ਨੇ ਰਾਜ ਕੁਮਾਰ ਹੁੰਦੇ ਹੋਏ ਪਰਜਾ ਦੀ ਭਲਾਈ ਦੇ ਲਈ ਬਹੁਤ ਕੋਸ਼ਿਸ਼ਾਂ ਕੀਤੀਆਂ। ਜਵਾਨੀ

ਦੀ ਉਮਰ ਵਿਚ ਪੈਰ ਧਰਨ ਦੇ ਨਾਲ ਜਿਉਂ ਹੀ ਉਨ੍ਹਾਂ, ਉਸ ਸਮੇਂ ਦੀਆਂ ਸਮਾਜਿਕ ਅਤੇ ਧਾਰਮਿਕ ਹਾਲਤਾਂ ਦਾ ਨੰਗਾ ਨਾਚ ਵੇਖਿਆ, ਆਪਦਾ ਕੋਮਲ ਹਿਰਦਾ ਚੂਰ-ਚੂਰ ਹੋ ਗਿਆ।

ਆਪ ਨੇ ਰਾਜ-ਪ੍ਰਬੰਧ ਦੁਆਰਾ ਸਮਾਜਿਕ ਹਾਲਤ ਨੂੰ ਸੁਧਾਰਣ ਦਾ ਯਤਨ ਕੀਤਾ, ਪਰੰਤੂ ਆਪ ਨੇ ਵੇਖਿਆ ਕਿ ਰਾਜ-ਪ੍ਰਬੰਧ ਜਿਹੋ ਜਿਹਾ ਸ਼ਾਸਨ ਚਾਹੁੰਦਾ ਹੈ ਉਸ ਪ੍ਰਕਾਰ ਦੀ ਹਾਲਤ ਸਥਾਪਿਤ ਕਰਨ ਵਿਚ ਸਫਲ ਨਾ ਹੋ ਸਕੇਗਾ।

ਅਸਲ ਵਿਚ ਵੇਖਿਆ ਜਾਵੇ ਤਾਂ ਰਾਜ-ਸ਼ਾਸਨ ਤੇ ਧਰਮ-ਸ਼ਾਸਨ ਦੋਹਾਂ ਦਾ ਮੁੱਖ ਉੱਦੇਸ਼ ਜਨਤਾ ਨੂੰ ਠੀਕ ਰਾਹ ਤੇ ਪਾਉਣਾ ਹੈ। ਪਰ ਰਾਜ-ਸ਼ਾਸਨ ਦੇ ਮੁੱਖੀ ਖੁਦ ਮੋਹ-ਮਾਇਆ ਵਿਚ ਫਸੇ ਹੋਏ ਲੋਕ ਹੁੰਦੇ ਹਨ। ਇਸ ਲਈ ਉਹ ਸਮਾਜ-ਸੁਧਾਰ ਦੇ ਕੰਮਾਂ ਵਿਚ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕਦੇ। ਭਲਾ ਜੋ ਜਿਸ ਚੀਜ਼ ਨੂੰ ਆਪਣੇ ਮਨ ਤੋਂ ਮਿਟਾ ਨਹੀਂ ਸਕਿਆ ਉਹ ਦੂਸਰੇ ਹਜ਼ਾਰਾਂ ਦਿਲਾਂ ਤੋਂ ਕਿਵੇਂ ਮਿਟਾ ਸਕਦਾ ਹੈ ? ਰਾਜ-ਸ਼ਾਸਨ ਦੀ ਅਧਾਰ-ਸ਼ਿਲਾ ਪ੍ਰੇਮ, ਪਿਆਰ ਅਤੇ ਸਦ-ਭਾਵ ਦੀ ਭੂਮੀ ਤੇ ਨਹੀਂ ਰੱਖੀ ਜਾਂਦੀ। ਸਗੋਂ ਇਹ ਰੱਖੀ ਜਾਂਦੀ ਹੈ, ਹਮੇਸ਼ਾ ਡਰ, ਜ਼ੋਰ ਤੇ ਦਮਨ ਦੀ ਨੀਂਹ ਤੇ। ਇਹੋ ਕਾਰਣ ਹੈ ਕਿ ਰਾਜ ਸ਼ਾਸਨ ਪਰਜਾ ਵਿਚ ਨਿਆਂ ਤੇ ਸ਼ਾਂਤੀ ਦੀ ਰੱਖਿਆ ਕਰਦਾ ਹੋਇਆ ਭੀ ਜ਼ਿਆਦਾ ਸਥਾਈ (ਪੱਕੀ) ਵਿਵਸਥਾ ਕਾਇਮ ਨਹੀਂ ਕਰ ਸਕਦਾ। ਜਦੋਂ ਕਿ ਧਰਮ ਸ਼ਾਸਨ ਆਪਸੀ ਪਰੇਮ ਤੇ ਸਦਭਾਵ ਤੇ ਕਾਇਮ ਹੁੰਦਾ ਹੈ।

ਸਿੱਟੇ ਵਜੋਂ ਉਹ ਸਨਮਾਰਗ ਦੁਆਰਾ ਮੂਲ ਤੋਂ ਸਮਾਜ ਦਾ ਦਿਲ ਬਦਲਦਾ ਹੈ ਅਤੇ ਸਾਰੇ ਪਾਸੇ ਪਖੰਡ ਨੂੰ ਹਟਾ ਕੇ ਪੱਕਾ ਨਿਆਂ, ਨੀਤੀ ਤੇ ਸ਼ਾਂਤੀ ਦੀ ਸਥਾਪਨਾ ਕਰਦਾ ਹੈ।

ਪ੍ਰਭੂ ਮਹਾਂਵੀਰ ਆਖੀਰ ਇਸੇ ਸਿੱਟੇ ਤੇ ਪੁੱਜੇ ਆਪ ਨੇ ਵੇਖਿਆ ਕਿ ਭਾਰਤ ਦਾ ਇਹ ਖ਼ਤਰਨਾਕ ਰੋਗ ਸਾਧਾਰਣ ਰਾਜਨੀਤਿਕ ਹਲਚਲਾਂ ਨਾਲ ਦੂਰ ਹੋਣ ਵਾਲਾ ਨਹੀਂ। ਇਸ ਦੇ ਲਈ ਸਾਰੀ ਜ਼ਿੰਦਗੀ ਦਾ ਤਿਆਗ ਕਰਨਾ ਪਵੇਗਾ। ਪਰਿਵਾਰ ਦਾ ਮੋਹ ਛੱਡਕੇ ਵਿਸ਼ੂ-ਪਰਿਵਾਰ ਦੇ ਆਦਰਸ਼ ਨੂੰ ਅਪਨਾਉਣਾ ਪਵੇਗਾ। ਸ਼ਾਹੀ ਪੋਸ਼ਾਕ ਨਾਲ ਸੱਜਕੇ ਸਾਧਾਰਣ ਜਨਤਾ ਵਿਚ ਘੁਲਿਆ ਮਿਲਿਆ ਨਹੀਂ ਜਾ ਸਕਦਾ। ਉਸ ਤਕ ਪਹੁੰਚਣ ਦੇ ਲਈ ਸੀਮਿਤ-ਇੱਛਾਵਾਂ ਤੇ ਆਦਰਸ਼ਾਂ ਨੂੰ ਸਵੀਕਾਰ ਕਰਨਾ ਪਵੇਗਾ। ਅਰਥਾਤ ਸਾਧੂ-ਪੁਣੇ ਵਾਲਾ ਜੀਵਨ ਸਵੀਕਾਰ ਕਰਨਾ ਪਵੇਗਾ।

ਭਾਰਤ ਦੇ ਇਤਿਹਾਸ ਵਿਚ ਮੱਘਰ ਮਹੀਨੇ ਦੇ ਹਨੇਰੇ ਪੱਖ ਦੀ ੧੦ਵੀਂ ਦਾ ਦਿਨ ਹਮੇਸ਼ਾ ਯਾਦ ਰਹੇਗਾ ਇਸ ਦਿਨ ਰਾਜ ਕੁਮਾਰ ਮਹਾਂਵੀਰ ਸੰਸਾਰ-ਕਲਿਆਣ ਦੇ ਲਈ, ਪੀੜਿਤ ਸੰਸਾਰ ਨੂੰ ਸੁੱਖ-ਸ਼ਾਂਤੀ ਦਾ ਅਮਰ-ਸੰਦੇਸ਼ ਸੁਨਾਉਣ ਲਈ, ਆਪਣੇ ਅੰਦਰ ਸੋਏ ਰਬੀ-ਪੁਣੇ ਨੂੰ ਜਗਾਉਣ ਦੇ ਲਈ ਰਾਜ-ਪਾਟ ਨੂੰ ਠੁਕਰਾ ਕੇ ਭੋਗ-ਵਿਲਾਸ ਨੂੰ ਤਿਆਗ ਕੇ, ਆਪਣੀ ਕਰੋੜਾਂ ਦੀ ਸੰਪਤੀ ਗ਼ਰੀਬਾਂ ਨੂੰ ਲੁਟਾ ਕੇ ਸਾਧੂ ਬਣ ਗਏ।

# ਸਾਧੂ ਜੀਵਨ

卐

## ❀ਸਾਧਨਾ ਦੇ ਰਾਹ ਤੇ

ਇਤਿਹਾਸ ਦੇ ਪੰਨਿਆਂ ਤੇ ਅਸੀਂ ਹਜ਼ਾਰਾਂ ਦੀ ਸੰਖਿਆ ਵਿਚ ਨੇਤਾਵਾਂ ਨੂੰ ਅਸਫਲ ਹੁੰਦਾ ਵੇਖਦੇ ਹਾਂ । ਇਸਦਾ ਕਾਰਣ ਇਹ ਹੈ ਕਿ ਉਹ ਸਭ ਤੋਂ ਪਹਿਲਾਂ ਆਪਣੇ ਜੀਵਨ ਦਾ ਸੁਧਾਰ ਨਹੀਂ ਕਰ ਸਕੇ । ਦਿਲ ਵਿਚ ਥੋੜ੍ਹਾ ਜਿਹਾ ਜੋਸ਼ ਪੈਦਾ ਹੁੰਦੇ ਹੀ ਸੰਸਾਰ ਦਾ ਸੁਧਾਰ ਕਰਨ ਲਈ ਮੈਦਾਨ ਵਿਚ ਕੁੱਦ ਪਏ, ਪਰ ਜਿਉਂ ਹੀ ਕਸ਼ਟਾਂ, ਦੁੱਖਾਂ, ਰੁਕਾਵਟਾਂ ਦਾ ਭਿਅੰਕਰ ਤੂਫਾਨ ਸਾਮ੍ਹਣੇ ਆਇਆ, ਨਿਰਾਸ਼ ਹੋਕੇ ਵਾਪਿਸ ਆ ਗਏ । ਜਿਸ ਸਿੱਧਾਂਤ ਦੇ ਪ੍ਰਚਾਰ ਲਈ ਉਹ ਸ਼ੋਰ ਮਚਾਉਂਦੇ ਸਨ, ਜਦ ਲੋਕ ਉਸ ਵਿਚ ਉਹ ਸਚਾਈ ਨਾ ਪਾ ਸਕੇ ਤਾਂ ਉਨ੍ਹਾਂ ਦਾ ਅਪਮਾਨ ਕੀਤਾ ਗਿਆ ਤੇ ਉਹ ਖਿਸਕ ਗਏ ।

ਪਰ ਭਗਵਾਨ ਮਹਾਂਵੀਰ ਨੇ ਦੀਖਿਆ ਲੈਂਦੇ ਹੀ ਧਰਮ ਪ੍ਰਚਾਰ ਲਈ ਛੇਤੀ ਨਹੀਂ ਕੀਤੀ । ਪਹਿਲਾਂ ਉਨ੍ਹਾਂ ਆਪਣੇ ਆਪ ਨੂੰ ਸਾਧ ਲੈਣਾ ਠੀਕ ਸਮਝਿਆ । ਫਲ-ਸਰੂਪ ਦਿਲ ਵਿਚ ਇਹ ਦ੍ਰਿੜ੍ਹ ਪ੍ਰਤਿੱਗਿਆ ਗ੍ਰਹਿਣ ਕਰ ਲਈ ਕਿ ਜਦ ਤਕ ਪੂਰਾ 'ਕੇਵਲ' (ਬੋਧ-ਗਿਆਨ ਜਾਂ ਬ੍ਰਹਮ-ਗਿਆਨ) ਪ੍ਰਾਪਤ ਨਾ ਹੋਵੇਗਾ ਤਦ ਤਕ ਸਾਮੂਹਿਕ ਮਿਲਾਪ ਤੋਂ ਅਲਗ ਰਹਾਂਗਾ । ਇਕਾਂਤ ਵਿਚ ਵੀਤਰਾਗ ਭਾਵ (ਰਾਗ-ਦਵੇਸ਼ ਆਦਿ ਵਿਕਾਰਾਂ ਤੇ ਜਿੱਤ ਪਾਉਣ ਦੀ ਭਾਵਨਾ) ਦੀ ਹੀ ਸਾਧਨਾ ਕਰਾਂਗਾ ।

ਮਹਾਂਵੀਰ ਜੀ ਦਾ ਸਾਧਨਾ-ਕਾਲ (ਤਪ-ਯੁਗ) ਬੜਾ ਅਨੋਖਾ ਮੰਨਿਆ ਜਾਂਦਾ ਹੈ ਇਹ ਉਹ ਕਾਲ ਹੈ ਜਿਸ ਵਿਚ ਮਹਾਂਵੀਰ ਜੀ ਨੇ ਆਪਣੇ ਸ਼ਰੀਰ ਦੀ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਲਗਾਤਾਰ ਕਠਿਨ ਆਤਮ-ਸਾਧਨਾ ਵਿਚ ਲੱਗੇ ਰਹੇ। ਕੀ ਗਰਮੀ, ਕੀ ਸਰਦੀ ਅਤੇ ਕੀ ਵਾਰਿਸ਼ ਜ਼ਿਆਦਾ ਸਮਾਂ ਭਿਆਨਕ ਜੰਗਲਾਂ ਵਿਚ ਹੀ ਧਿਆਨ ਲਗਾਇਆ ਕਰਦੇ ਸਨ। ਸ਼ਹਿਰ ਵਿਚ ਭੋਜਨ ਮੰਗਣ ਲਈ ਕਦੇ ਕਦੇ ਹੀ ਆਇਆ ਕਰਦੇ ਸਨ।

ਮਹਾਂਵੀਰ ਜੀ ਦੀ ਇਹ ਸਾਧਨਾ 12½ ਸਾਲ ਤਕ ਚਲਦੀ ਰਹੀ। ਇਸ ਵਿਚ ਆਪ ਨੂੰ ਭਿਅੰਕਰ ਕਸ਼ਟਾਂ ਦਾ ਸਾਮ੍ਹਣਾ ਕਰਨਾ ਪਿਆ। ਆਪਨੂੰ ਅਕਸਰ ਹਰ ਜਗ੍ਹਾ ਅਪ-ਮਾਨਿਤ ਹੋਣਾ ਪੈਂਦਾ ਸੀ। ਪੇਂਡੂ ਲੋਕ ਬੜੀ ਬੇ-ਰਹਿਮੀ ਨਾਲ ਪੇਸ਼ ਆਉਂਦੇ। ਕਦੇ ਕਦੇ ਤਾਂ ਉਨ੍ਹਾਂ ਨੂੰ ਖਤਮ ਕਰਨ ਦੀਆਂ ਘਟਨਾਵਾਂ ਵੀ ਵੇਖਣ 'ਚ ਆਉਂਦੀਆਂ ਸਨ। ਮਾਰਨਾ, ਝਿੜ-ਕਣਾ ਤੇ ਹੋਰ ਕਸ਼ਟ ਪਹੁੰਚਾਣਾ ਤਾਂ ਹਰ ਰੋਜ਼ ਦੀ ਗੱਲ ਸੀ। ਲਾਢ ਦੇਸ਼ ਵਿਚ ਤਾਂ ਆਪਨੂੰ ਸ਼ਿਕਾਰੀ ਕੁੱਤਿਆਂ ਤੋਂ ਨੁਚਵਾ-ਇਆ ਗਿਆ, ਪਰ ਅ ਪ ਹਮੇਸ਼ਾ ਸ਼ਾਂਤੀ ਤੋਂ ਕੰਮ ਲੈਂਦੇ ਰਹੇ। ਆਪਦੇ ਦਿਲ ਵਿਚ ਵਿਰੋਧੀ ਦੇ ਪ੍ਰਤੀ ਵੀ ਦਿਆਲੁਤਾ ਦਾ ਝਰਨਾ ਵਹਿੰਦਾ ਸੀ। ਦੁਵੇਸ਼ ਤੇ ਗੁੱਸਾ ਕੀ ਚੀਜ਼ ਹੁੰਦੇ ਹਨ? ਆਪਦਾ ਦਿਲ ਇਸ ਬਾਰੇ ਜਾਣਦਾ ਹੀ ਨਹੀਂ ਸੀ। ਭਗਵਾਨ ਦੀ ਉਡੀਕ ਇਕ ਪ੍ਰਕਾਰ ਨਾਲ ਆਪਣੀ ਹੱਦ ਤੇ ਪਹੁੰਚ ਚੁਕੀ ਸੀ। (स्वः वीर्येणेव गच्छन्ति, जिनेन्द्राः परमं पदम्) ਆਪਣੇ ਬਲ ਨਾਲ ਤੀਰਥੰਕਰ ਪਰਮ-ਪਦ ਦੀ ਪ੍ਰਾਪਤੀ

ਕਰਦੇ ਹਨ।

ਭਗਵਾਨ ਮਹਾਂਵੀਰ ਜੀ ਦੀ ਆਤਮ-ਨਿਰਭਰਤਾ ਇਕ ਆਦਰਸ਼ ਸੀ। ਸਾਧਨਾ-ਕਾਲ ਵਿਚ ਆਪ ਤੇ, ਨਾ ਮਾਲੂਮ ਕਿੰਨੇ ਕਸ਼ਟਾਂ ਦੇ ਪਹਾੜ ਟੁੱਟੇ ਪਰ ਆਪ ਨੇ ਸਹਾਇਤਾ ਦੇ ਲਈ ਕਦੇ ਵੀ ਕਿਸੇ ਦੇ ਵਲ ਮੂੰਹ ਨਹੀਂ ਕੀਤਾ।

ਆਪ ਸਹਾਇਤਾ ਮੰਗਣਾ ਤਾਂ ਦੂਰ ਆਪਣੇ ਸੁਭਾ ਦੀ ਦ੍ਰਿਸ਼ਟੀ ਤੋਂ ਸੇਵਾਦਾਰਾਂ ਨੂੰ ਵੀ ਸੇਵਾ ਦੇ ਲਈ ਨਹੀਂ ਰਖਿਆ। ਜੈਨ-ਸਹਿੱਤ ਇਸ ਸੰਬੰਧ ਵਿਚ ਇਕ ਬੜੀ ਵੱਡੀ ਘਟਨਾ ਦਾ ਵਰਨਣ ਕਰਦਾ ਹੈ।

ਇਕ ਵਾਰ ਦੀ ਗੱਲ ਹੈ ਦੇਵਤਿਆਂ ਦਾ ਸਿਰਤਾਜ ਇੰਦਰ, ਪ੍ਰਭੂ ਦੀ ਸੇਵਾ ਵਿਚ ਹਾਜ਼ਰ ਹੋਇਆ। ਭਗਵਾਨ ਧਿਆਨ ਵਿਚ ਸਨ। ਬੜੀ ਨਿਮਰਤਾ ਦੇ ਨਾਲ ਇੰਦਰ ਨੇ ਪ੍ਰਾਰਥਨਾ ਕੀਤੀ—

"ਭਗਵਾਨ ! ਆਪਨੂੰ ਅਬੋਧ (ਅਗਿਆਨੀ ਜਨਤਾ) ਬੜੀ ਪੀੜਾ ਪਹੁੰਚਾਂਦੀ ਹੈ, ਉਹ ਨਹੀਂ ਜਾਣਦੀ ਕਿ ਤੁਸੀਂ ਕੌਣ ਹੋ ? ਉਹ ਨਹੀਂ ਜਾਣਦੀ ਕਿ ਤੁਸੀਂ ਸਾਡੇ ਕਲਿਆਣ ਲਈ ਸਭ ਕੁਝ ਕਰ ਰਹੇ ਹੋ ? ਇਸ ਲਈ ਭਗਵਾਨ ਅਜ ਤੋਂ ਇਹ ਸੇਵਕ ਆਪ ਸ਼੍ਰੀ ਜੀ ਦੇ ਚਰਣ-ਕਮਲਾਂ ਵਿਚ ਰਹੇਗਾ। ਆਪਨੂੰ ਕੋਈ ਕਿਸੇ ਪ੍ਰਕਾਰ ਦਾ ਕਸ਼ਟ ਨਾ ਦੇਵੇ, ਇਸਦਾ ਲਗਾਤਾਰ ਖਿਆਲ ਰਖੇਗਾ।"

ਦੇਵਤਿਆਂ ਦੇ ਸਿਰਤਾਜ ਇਹ ਕੀ ਆਖ ਰਹੇ ਹੋ ? ਭਗਤੀ ਦੇ ਜੋਸ਼ ਵਿਚ ਸਚਾਈ ਨੂੰ ਨਹੀਂ ਭੁਲਾਇਆ ਜਾ

ਸਕਦਾ। ਜੇ ਕੋਈ ਕਸ਼ਟ ਦਿੰਦਾ ਹੈ ਤਾਂ ਮੇਰਾ ਇਸ ਨਾਲ ਕੀ ਵਿਗੜਦਾ ਹੈ ? ਮਿੱਟੀ ਦੇ ਸ਼ਰੀਰ ਨੂੰ ਨੁਕਸਾਨ ਅਪੜ ਸਕਦਾ ਹੈ ਪਰ ਆਤਮਾ ਤੇ ਸਦਾ ਅਛੇਕ (ਜਿਸ ਵਿਚ ਕਦੇ ਛੇਕ ਨਾ ਕੀਤਾ ਜਾ ਸਕੇ) ਅਤੇ ਅਭੇਦ (ਜੋ ਭੇਦ ਰਹਿਤ ਹੋਵੇ) ਹੈ। ਉਸਨੂੰ ਕੋਈ ਕਸ਼ਟ ਨਹੀਂ ਦੇ ਸਕਦਾ।"

"ਭਗਵਾਨ ! ਆਪ ਠੀਕ ਕਹਿੰਦੇ ਹੋ ਪਰ ਸ਼ਰੀਰ ਤੇ ਆਤਮਾ ਕੋਈ ਦੋ ਭਿੰਨ ਚੀਜ਼ਾਂ ਨਹੀਂ ਹਨ। ਆਖੀਰ ਸ਼ਰੀਰ ਦੀ ਚੋਟ ਆਤਮਾ ਨੂੰ ਵੀ ਪਹੁੰਚਦੀ ਹੈ। ਇਹ ਤਾਂ ਅਨੁਭਵ ਵਾਲੀ ਗੱਲ ਹੈ।"

"ਪਰ ਇਹ ਅਨੁਭਵ ਤੇਰਾ ਆਪਣਾ ਹੀ ਹੈ ਮੇਰਾ ਤਾਂ ਨਹੀਂ ? ਆਤਮਾ ਅਤੇ ਸ਼ਰੀਰ ਦੇ ਦੋ ਹੋਣ ਨੂੰ ਮੈਂ ਚੰਗੀ ਤਰ੍ਹਾਂ ਜਾਨ ਲਿਆ ਹੈ। ਇਸ ਲਈ ਮੈਂ ਕਿਸੇ ਵੀ ਪੀੜਾ ਤੋਂ ਕਿਉਂ ਪ੍ਰਭਾਵਿਤ ਹੋਵਾਂ ?"

"ਭਗਵਾਨ ! ਮੈਂ ਕੁਝ ਨਹੀਂ ਜਾਣਦਾ। ਮੈਂ ਤਾਂ ਇਹੋ ਹੀ ਜਾਣਦਾ ਹਾਂ ਕਿ ਮੈਂ ਆਪ ਦਾ ਤੁੱਛ ਸੇਵਕ ਹਾਂ। ਸੇਵਾ ਵਿਚ ਹੀ ਰਹਾਂਗਾ।"

"ਆਖੀਰ ਇਸ ਤੋਂ ਲਾਭ ਕੀ ?"

"ਭਗਵਾਨ ! ਲਾਭ ਦੀ ਪੁੱਛਦੇ ਹੋ। ਇਸ ਲਾਭ ਦਾ ਤਾਂ ਅੰਤ ਹੀ ਨਹੀਂ। ਤੁੱਛ ਸੇਵਕ ਨੂੰ ਸੇਵਾ ਦਾ ਲਾਭ ਮਿਲੇਗਾ। ਮੇਰੀ ਆਤਮਾ ਪਵਿੱਤਰ ਹੋ ਜਾਵੇਗੀ।"

"ਇਹ ਤਾਂ ਤੁਸੀਂ ਆਪਣੀ ਲਾਭ ਦੀ ਆਖ ਰਹੇ ਹੋ। ਮੈਂ ਆਪਣੀ ਪੁੱਛਦਾ ਹਾਂ।"

ਭਗਵਾਨ ! ਸੇਵਕ ਨੂੰ ਸੇਵਾ ਦਾ ਲਾਭ ਮਿਲੇ, ਇਹ ਵੀ ਤਾਂ ਆਪਦਾ ਲਾਭ ਹੈ। ਕੀ ਚੰਗਾ ਹੋਵੇ ਕਿ ਪ੍ਰਭੂ ਕੋਈ ਆਪ ਨੂੰ ਵਿਅਰਥ ਨਾ ਸਤਾਵੇ ਅਤੇ ਆਪ ਸੁਖ-ਪੂਰਵਕ ਸਾਧਨਾ ਕਰਦੇ ਹੋਏ ਕੇਵਲ-ਗਿਆਨ ਦਾ ਲਾਭ ਲੈ ਸਕੋ।"

"ਇੰਦਰ ! ਇਹ ਤੇਰੀ ਧਾਰਣਾ ਗਲਤ ਹੈ ?"

"ਭਗਵਾਨ ਕਿਵੇਂ ?"

"ਸਾਧੂ ਦੀ ਭਗਤੀ ਆਪਣੇ ਹੀ ਬਲ ਨਾਲ ਸਫਲ ਹੋ ਸਕਦੀ ਹੈ। ਕੋਈ ਸਾਧਕ ਅੱਜ ਤਕ ਕਿਸੇ ਦੇਵਤੇ, ਇੰਦਰ ਜਾਂ ਚਕਰਵਤੀ ਦੇ ਬਲ ਨਾਲ ਨਾ ਤਾਂ ਸਿੱਧ (ਪੂਰਾ ਪ੍ਰਮਾਤਮਾ) ਨਹੀਂ ਹੋ ਸਕਿਆ ਹੈ ਨਾ ਹੁਣ ਹੋ ਸਕਦਾ ਹੈ ਅਤੇ ਨਾ ਭਵਿੱਖ ਵਿਚ ਹੋ ਸਕੇਗਾ। ਮਦਦ ਲੈਣ ਦਾ ਅਰਥ ਹੈ—ਆਪਣੇ ਆਪ ਨੂੰ ਅੰਗ-ਹੀਣ ਬਣਾ ਲੈਣਾ—ਆਰਾਮ ਦਾ ਗ਼ੁਲਾਮ ਬਣਾ ਲੈਣਾ। ਸੁਖ ਪੂਰਵਕ ਸਾਧਨਾ, ਇਹ ਸ਼ਬਦ ਹਾਰੇ ਹੌਸਲੇ ਦੀ ਨਿਸ਼ਾਨੀ ਹਨ। ਸੁਖ ਤੇ ਭਗਤੀ (ਸਾਧਨਾ) ਦਾ ਆਪਸ ਵਿਚ ਪੱਕਾ ਵੈਰ ਹੈ।"

ਦੇਵਤਿਆਂ ਦਾ ਰਾਜਾ ਖੁਸ਼ੀ ਨਾਲ ਪ੍ਰਭੂ ਦੇ ਚਰਣਾਂ ਵਿਚ ਡਿੱਗ ਜਾਂਦਾ ਹੈ। ਨਾਲ ਰਹਿਣ ਲਈ ਪ੍ਰਾਰਥਨਾ ਕਰਦਾ ਹੈ। ਸੌ ਸੌ ਵਾਰ ਮਿੰਨਤਾਂ ਕਰਦਾ ਹੈ। ਪਰ ਭਗਵਾਨ ਮਹਾਂਵੀਰ ਦ੍ਰਿੜ੍ਹਤਾ ਭਰੀ ਨਾਂਹ ਵਿਚ ਉੱਤਰ ਦਿੰਦੇ ਹਨ। ਇਹ ਹੈ ਸਾਧੂ ਜੀਵਨ ਦਾ ਮਹਾਨ ਆਦਰਸ਼ (ਏਗੋ ਚਰੇ ਥਾਗਕਿ

ਸਾਮਾਇਕਾਧੋ) ਭਾਵ ਸਾਧੂ ਇਕੱਲਾ ਹੀ ਗੇਂਡੇ ਦੇ ਸਿੰਗ ਦੀ ਤਰ੍ਹਾਂ ਨਿਰਭਯ ਹੋ ਕੇ ਘੁਮੇਂ।

## ❀ ਗਰੀਬ ਦਰਿਦ੍ਰੀ ਬ੍ਰਾਹਮਣ ਦਾ ਕਲਿਆਣ

ਭਗਵਾਨ ਬੜੇ ਹੀ ਰਹਿਮ-ਦਿਲ ਦੇ ਮਾਲਕ ਸਨ। ਆਪਣਾ ਬਿਗਾਨਾ ਉਨ੍ਹਾਂ ਸ਼ੁਰੂ ਤੋਂ ਹੀ ਨਹੀਂ ਸੀ ਸਿੱਖਿਆ। ਉਹਨਾਂ ਦੇ ਦਿਲ ਵਿਚ ਦੁਖੀਆਂ ਪ੍ਰਤੀ ਬੜੀ ਦਿਆਲਤਾ ਸੀ। ਪੁਰਾਣੇ ਸਮੇਂ ਤੋਂ ਚਲੇ ਆ ਰਹੇ ਮਹਾਂਵੀਰ ਜੀਵਨ ਚਰਿੱਤਰਾਂ ਵਿਚੋਂ ਇਸ ਬਾਰੇ ਇਕ ਮਿੱਠਾ ਪ੍ਰਸੰਗ ਹੈ :—

ਇਕ ਸਮੇਂ ਦੀ ਗੱਲ ਹੈ। ਭਗਵਾਨ ਉਜਾੜ ਬਣ ਵਿਚ ਧਿਆਨ ਲਾਈ ਖੜੇ ਸਨ। ਪਰਿਗ੍ਰਹਿ (ਸੰਗ੍ਰਹਿ) ਦੇ ਨਾਂਉਂ ਤੇ ਭਗਵਾਨ ਕੋਲ ਕੋਈ ਵਸਤੂ ਨਹੀਂ ਸੀ। ਸਿਰਫ ਇਕ ਦੀਖਿਆ ਦੇ ਮੌਕੇ ਤੇ ਇੰਦਰ ਦੁਆਰਾ ਦਿੱਤਾ 'ਦੇਵਦੂਸ਼' ਕਪੜਾ ਸ਼ਰੀਰ ਤੇ ਪਿਆ ਹੋਇਆ ਸੀ।

ਇਕ ਦਰਿਦਰੀ ਬ੍ਰਾਹਮਣ, ਭਗਵਾਨ ਕੋਲ ਜਾ ਕੇ ਬੇਨਤੀ ਕਰਨ ਲੱਗਾ :—

"ਭਗਵਾਨ! ਮੇਰੇ ਗਰੀਬ ਬ੍ਰਾਹਮਣ ਤੇ ਕ੍ਰਿਪਾ ਕਰੋ। ਮੈਂ ਹਰ ਤਰ੍ਹਾਂ ਨਾਲ ਬਦ-ਕਿਸਮਤ ਹਾਂ। ਹੋਰ ਤਾਂ ਹੋਰ ਘਰ ਵਿਚ ਖਾਣ ਲਈ ਇਕ ਸਮੇਂ ਦਾ ਅੰਨ ਤਕ ਨਹੀਂ ਹੈ। ਕਸ਼ਟਾਂ ਦਾ ਸਤਾਇਆ ਜੰਗਲ ਵਿਚ ਖ਼ਾਕ ਛਾਣਦਾ ਹੋਇਆ ਆਪਦੇ ਚਰਣਾਂ ਵਿਚ ਪੁੱਜਾ ਹਾਂ। ਦਿਆਲੂ, ਦਿਆ ਕਰਕੇ, ਮੈਨੂੰ ਵੀ ਕੁਝ ਆਪਣੀ ਦਿਆ ਦਾ ਦਾਨ ਬਖਸ਼ੋ।"

ਭਗਵਾਨ ਚੁੱਪ ਸਨ !

"ਭਗਵਾਨ, ਦਾਸ ਤੇ ਦਿਆ ਕਰਨੀ ਹੀ ਪਵੇਗੀ। ਇਹ ਭੁੱਖਾ ਬ੍ਰਾਹਮਣ ਤੁਹਾਨੂੰ ਛੱਡ ਕੇ ਹੋਰ ਕਿਸੇ ਤੋਂ ਕੀ ਮੰਗੇ ?"

ਭਗਵਾਨ ਚੁੱਪ ਸਨ !

"ਭਗਵਾਨ ! ਚੁੱਪ ਕਿਉਂ ਹੋ ? ਇੰਝ ਕੰਮ ਨਹੀਂ ਚਲੇਗਾ ? ਕੀ ਕਲਪ-ਬ੍ਰਿਛ (ਇਛਾਵਾਂ ਪੂਰੀਆਂ ਕਰਣ ਵਾਲਾ ਦਰਖ਼ਤ) ਦੇ ਕੋਲ ਆ ਕੇ ਖਾਲੀ ਮੁੜਨਾ ਪਵੇਗਾ ? ਨਹੀਂ ਇੰਝ ਨਹੀਂ ਹੋ ਸਕਦਾ ! ਮੈਂ ਬਿਨਾਂ ਕੁੱਝ ਲਏ ਹਰਗਿਜ਼ ਨਹੀਂ ਜਾਵਾਂਗਾ। ਜਾਂ ਸੁਖ ਦੀ ਜ਼ਿੰਦਗੀ ਜਾਂ ਮੌਤ ਦੀ ਗੋਦ, ਦੋਹਾਂ ਵਿਚੋਂ ਇਕ ਦਾ ਫੈਸਲਾ ਆਪ ਦੀ ਹੀ 'ਹਾਂ ਜਾਂ ਨਾ' ਤੇ ਨਿਰਭਰ ਹੈ।"

ਭਗਵਾਨ ਚੁੱਪ ਸਨ।

ਬ੍ਰਾਹਮਣ ਰੋਂਦਾ ਹੋਇਆ, ਭਗਵਾਨ ਦੇ ਚਰਣਾਂ ਨੂੰ ਲਿਪਟ ਗਿਆ।

"ਭਲੇ ਪੁਰਸ਼ ! ਇਹ ਕੀ ਕਰਦਾ ਹੈਂ ? ਰੋ ਨਾ, ਸ਼ਾਂਤੀ ਰੱਖ।"

"ਭਗਵਾਨ, ਸ਼ਾਂਤੀ ਕਿੱਥੇ ? ਜਿਊਣਾ ਔਖਾ ਹੋ ਰਿਹਾ ਹੈ। ਭੁੱਖੇ ਰੋਂਦੇ ਪਰਿਵਾਰ ਦੀ ਹਾਹਾਕਾਰ ਨਹੀਂ ਵੇਖੀ ਜਾਂਦੀ !"

ਬ੍ਰਾਹਮਣ ਹੋਰ ਜ਼ੋਰ ਨਾਲ ਰੋਣ ਲੱਗ ਜਾਂਦਾ ਹੈ।

"ਤਾਂ ਭਲੇ ਪੁਰਸ਼ ਹੁਣ ਕੀ ਹੈ ਮੇਰੇ ਪਾਸ ? ਜਦੋਂ ਮੈਂ ਸੰਪਤੀ ਛੱਡੀ, ਦਾਨ ਦਿਤਾ, ਉਸ ਵੇਲੇ ਤੂੰ ਕਿਉਂ ਨਹੀਂ

ਆਇਆ ?"

"ਭਗਵਾਨ ਆਉਂਦਾ ਕਿਵੇਂ ? ਮੈਨੂੰ ਬਦਕਿਸਮਤ ਨੂੰ ਖ਼ਬਰ ਭੀ ਮਿਲੀ ਹੋਵੇ ? ਮੈਂ ਤਾਂ ਉਸ ਸਮੇਂ ਦੂਰ ਦੇਸ਼ਾਂ ਵਿਚ ਭਟਕ ਰਿਹਾ ਸੀ ਹੁਣ ਘਰ ਆਇਆ ਹਾਂ ਤਾਂ ਖਬਰ ਮਿਲੀ ਕਿ ਇਥੇ ਸੋਨੇ ਦੀ ਵਰਖਾ ਹੋ ਚੁੱਕੀ ਹੈ।"

"ਹਾਂ ! ਤਾਂ ਭਲੇ ਪੁਰਸ਼ ਹੁਣ ਕੀ ਹੋ ਸਕਦਾ ਹੈ ? ਹੁਣ ਤਾਂ ਮੈਂ ਇਕ ਮਾਇਆ-ਰਹਿਤ ਸਾਧੂ ਹਾਂ।"

"ਭਗਵਾਨ, ਹੁਣ ਵੀ ਸਭ ਕੁਝ ਹੋ ਸਕਦਾ ਹੈ। ਹੁਣ ਵੀ ਆਪਦੇ ਪਾਸ ਸਭ ਕੁਝ ਹੈ। ਆਪਦੇ ਮੂੰਹ 'ਚੋਂ ਸ਼ਬਦ ਨਿਕਲਣ ਦੀ ਦੇਰ ਹੈ। ਸੋਨੇ ਦਾ ਮੀਂਹ ਪੈਣ ਲਗ ਜਾਵੇਗਾ।"

"ਭਲੇ ਪੁਰਸ਼, ਸ਼ੱਕ ਦੂਰ ਕਰਦੇ। ਸਾਧੂ-ਪੁਣਾ ਸ਼ਰਾਪ ਅਤੇ ਕ੍ਰਿਪਾ ਤੋਂ ਦੂਰ ਦੀ ਵਸਤੂ ਹੈ। ਕੀ ਮੈਂ ਆਪਣੇ ਤਪ-ਤੇਜ ਨੂੰ ਸੋਨੇ ਦਾ ਮੀਂਹ ਵਰਸਾਉਣ ਵਿਚ ਨਸ਼ਟ ਕਰਾਂ ? ਹੇ ਗਿਆਨੀ ! ਮੈਂ ਆਤਮ-ਸਿੱਧੀ ਦਾ ਸਾਧਕ ਹਾਂ, ਸਵਰਣ-ਸਿੱਧੀ ਦਾ ਨਹੀਂ।"

"ਭਗਵਾਨ, ਕੁਝ ਵੀ ਕਰੋ। ਮੇਰਾ ਬੇੜਾ ਪਾਰ ਕਰਨਾ ਹੀ ਪਵੇਗਾ। ਆਪ ਦੇ ਦਰਬਾਰ ਤੋਂ ਖਾਲੀ ਹੱਥ ਜਾਣਾ, ਇਹ ਤਾਂ ਅਸੰਭਵ ਹੈ। ਦਿਆ ਕਰੋ, ਕ੍ਰਿਪਾ ਕਰੋ, ਇਸ ਗਰੀਬ ਬ੍ਰਾਹਮਣ ਤੇ।"

ਬ੍ਰਾਹਮਣ ਪ੍ਰਾਰਥਨਾ ਕਰਦਾ ਖੁਸ਼ੀ ਨਾਲ ਝੂਮ ਉਠਦਾ ਹੈ। ਅੱਖਾਂ ਵਿਚ ਹੰਝੂ ਆ ਜਾਂਦੇ ਹਨ। ਆਖੀਰ ਵਿਚ ਉਹ

ਛੋਟੇ ਬੱਚੇ ਦੀ ਤਰ੍ਹਾਂ ਪ੍ਰਭੂ ਦੇ ਚਰਨਾਂ ਵਿਚ ਲਿਪਟ ਜਾਂਦਾ ਹੈ।

ਭਗਵਾਨ ਬ੍ਰਾਹਮਣ ਦੀ ਇਹ ਹਾਲਤ ਦੇਖ ਦਿਆਲੂ ਹੋ ਜਾਂਦੇ ਹਨ। 'ਦੇਵ-ਦੂਸ਼' ਕਪੜੇ ਦਾ ਅੱਧਾ ਹਿੱਸਾ ਬ੍ਰਾਹਮਣ ਨੂੰ ਦੇ ਦਿੰਦੇ ਹਨ।

ਭਗਵਾਨ ਦੇ ਵੱਡੇ ਭਰਾ ਨੰਦੀ ਵਰਧਨ ਨੂੰ ਇਸ ਘਟਨਾ ਦਾ ਪਤਾ ਚਲਦਾ ਹੈ ਤਾਂ ਉਹ ਭਗਵਾਨ ਦੇ ਪਰੇਮ ਤੇ ਬ੍ਰਾਹਮਣ ਦੀ ਗਰੀਬੀ ਨੂੰ ਧਿਆਨ ਵਿਚ ਰਖਕੇ ਮੁਨਾਸਿਵ ਧਨ ਦਾਨ ਦੇ ਕੇ ਉਹ ਕਪੜਾ ਲੈ ਲੈਂਦਾ ਹੈ। ਬ੍ਰਾਹਮਣ ਜ਼ਿੰਦਗੀ ਭਰ ਲਈ ਸੁਖੀ ਹੋ ਜਾਂਦਾ ਹੈ।

"ਧੰਨ ਹੋ ! ਦਿਆ-ਸਾਗਰ ਪ੍ਰਭੂ !"

## ❀ ਚੰਡ-ਕੌਸ਼ਿਕ ਨੂੰ ਗਿਆਨ ਕਰਾਉਣਾ

ਮਹਾਂ ਪੁਰਸ਼ਾਂ ਦੀ ਕਰੁਣਾ-ਦ੍ਰਿਸ਼ਟੀ ਮਨੁੱਖੀ ਸਮਾਜ ਤਕ ਹੀ ਸੀਮਿਤ ਨਹੀਂ ਰਹਿੰਦੀ, ਉਹ ਪਸ਼ੂ-ਜਗਤ ਤੇ ਵੀ ਹੁੰਦੀ ਹੈ ਅਤੇ ਉਸਦਾ ਕਲਿਆਣ ਕਰਦੀ ਹੈ। ਸਾਧਾਰਣ ਮਨੁੱਖ ਖਤਰਨਾਕ ਖੂਨੀ ਜਾਨਵਰਾਂ ਨੂੰ ਵੇਖ ਕੇ ਡਰ ਜਾਂਦੇ ਹਨ। ਉਨ੍ਹਾਂ ਨੂੰ ਮਾਰਣ ਦੌੜਦੇ ਹਨ ਜਾਂ ਭੱਜ ਜਾਂਦੇ ਹਨ ਪਰ ਮਹਾਂਪੁਰਸ਼ ਉਨ੍ਹਾਂ ਵਿਚ ਵੀ ਆਤਮ-ਭਾਵ ਦੇ ਦਰਸ਼ਨ ਕਰਦੇ ਹਨ ਅਤੇ ਉਨ੍ਹਾਂ ਨਾਲ ਉਸ ਪ੍ਰਕਾਰ ਹੀ ਮਿਲਦੇ ਹਨ ਜਿਵੇਂ ਆਪਣੇ ਕਿਸੇ ਰਿਸ਼ਤੇਦਾਰ ਨੂੰ ਮਿਲਦੇ ਹੋਣ ਪਰ ਸ਼ਰਤ ਇਹ ਹੈ ਕਿ ਸੱਚੀ ਮਹਾਂਪੁਰਸ਼ਤਾ ਹੋਣੀ ਚਾਹੀਦੀ ਹੈ।

ਭਗਵਾਨ ਮਹਾਂਵੀਰ ਅਜੇਹੇ ਹੀ ਮਹਾਂਪੁਰਸ਼ ਸਨ। ਉਹ ਕੇਵਲ ਮਨੁਖੀ-ਕਲਿਆਣ ਦੇ ਲਈ ਹੀ ਨਹੀਂ ਸਗੋਂ ਵਿਸ਼ਵ-ਕਲਿਆਣ ਦੇ ਲਈ ਅਤੇ ਪ੍ਰਾਣੀ ਮਾਤਰ ਦੇ ਕਲਿਆਣ ਲਈ ਚਲੇ ਸਨ, ਉਹ ਆਪਣੀ ਜ਼ਿੰਦਗੀ, ਮੌਤ ਦੀ ਪਰਵਾਹ ਨਾ ਕਰਦੇ ਹੋਏ ਹਿੰਸਕ ਤੋਂ ਹਿੰਸਕ ਜੰਤੂਆਂ ਦੇ ਪਾਸ ਪਹੁੰਚਦੇ ਅਤੇ ਉਹ ਉਨ੍ਹਾਂ ਨੂੰ ਸਦ-ਭਾਵਨਾ ਦਾ ਉਪਦੇਸ਼ ਦਿੰਦੇ। ਇਹ ਮਹਾਂ ਪ੍ਰਭਾਵ ਉਨ੍ਹਾਂ ਨੂੰ ਸਾਧਨਾ ਦੇ ਸਮੇਂ ਤੋਂ ਹੀ ਪ੍ਰਾਪਤ ਹੋ ਚੁਕਿਆ ਸੀ। ਜਿਸ ਰਾਹੀਂ ਉਨ੍ਹਾਂ ਚੰਡ ਕੋਸ਼ਿਕ ਨਾਗ ਦਾ ਕਲਿਆਣ ਕੀਤਾ। ਘਟਨਾ ਇਸ ਪ੍ਰਕਾਰ ਹੈ :—

ਭਗਵਾਨ 'ਦੁਈਜੰਤ' ਤਪੱਸਵੀ ਦੇ ਆਸ਼ਰਮ ਵਿਚ ਚੌਮਾਸਾ ਖਤਮ ਕਰਕੇ ਸ਼ਵੇਤਾਮਵੀ ਵੱਲ ਜਾ ਰਹੇ ਸਨ ਉਸ ਸੁੰਦਰ ਪ੍ਰਦੇਸ਼ ਵਿਚ ਇਧਰ-ਉਧਰ ਚਹੁ ਪਾਸੇ ਪ੍ਰਕ੍ਰਿਤੀ ਦੀ ਖੂਬਸੂਰਤੀ ਖਿਲਰੀ ਪਈ ਸੀ। ਭਗਵਾਨ ਦੇ ਤਪ-ਤੇਜ ਅਤੇ ਪ੍ਰਕਾਸ਼ ਵਾਲੇ ਸ਼ਰੀਰ ਦਾ ਚਾਨਣ ਜੰਗਲ ਵਿਚ ਫੈਲ ਰਿਹਾ ਸੀ। ਭਗਵਾਨ ਆਤਮਾ ਦੀ ਮਸਤੀ ਵਿਚ ਝੂਮਦੇ ਜਾ ਰਹੇ ਸਨ।

ਰਸਤੇ ਵਿਚ ਕੁਝ ਮੁਸਾਫਿਰ ਮਿਲੇ, ਉਨ੍ਹਾਂ ਪ੍ਰਭੂ ਅੱਗੇ ਹੱਥ ਜੋੜਕੇ ਪ੍ਰਾਰਥਨਾ ਕੀਤੀ :—

"ਪ੍ਰਭੂ ਇਧਰ ਨਾ ਜਾਵੋ। ਇਧਰ ਕੁਝ ਦੂਰ ਝਾੜੀਆਂ ਵਿਚ ਚੰਡ-ਕੋਸ਼ਿਕ ਸੱਪ ਰਹਿੰਦਾ ਹੈ। ਉਸ ਦੀਆਂ ਅੱਖਾਂ ਜ਼ਹਿਰ ਨਾਲ ਭਰਪੂਰ ਹਨ। ਦੇਖਣ ਨਾਲ ਹੀ ਦੂਰ-ਦੂਰ ਦੇ ਵਾਤਾਵਰਣ ਨੂੰ ਜ਼ਹਿਰੀਲਾ ਬਣਾ ਦਿੰਦਾ ਹੈ।

ਭਗਵਾਨ ਚੁੱਪ ਰਹੇ ਅਤੇ ਅੱਗੇ ਵਧਣ ਲੱਗੇ।

"ਭਿਕਸ਼ੂ ! ਅਸੀਂ ਤੇਰੇ ਤੇ ਦਿਆ ਕਰਕੇ ਹੀ ਆਖ ਰਹੇ ਹਾਂ। ਕਿਉਂ ਵਿਅਰਥ ਜੀਵਨ ਨਸ਼ਟ ਕਰਦੇ ਹੋ, ਜ਼ਿਆਦਾ ਹੱਠ ਚੰਗਾ ਨਹੀਂ ?"

"ਮੈਂ ਜ਼ਿੱਦ ਨਹੀਂ ਕਰ ਰਿਹਾ। ਮੈਂ ਵੀ ਮੁਸਾਫ਼ਿਰ ਹਾਂ। ਜਾਣ ਯੋਗ ਰਸਤੇ ਤੇ ਜਾ ਰਿਹਾ ਹਾਂ।"

"ਆਪਨੂੰ ਇੱਧਰ ਹੀ ਜਾਣਾ ਹੈ ਤਾਂ ਦੂਸਰੇ ਰਸਤੇ ਤੋਂ ਗੁਜ਼ਰ ਸਕਦੇ ਹੋ। ਸੱਪ ਦੇ ਡਰ ਤੋਂ ਲੋਕ ਰਸਤਾ ਬਦਲਕੇ ਇਸੇ ਰਸਤੇ ਤੋਂ ਬਚਕੇ ਜਾਂਦੇ ਹਨ।"

"ਸ਼ੇਰ ਸਿੱਧਾ ਚੱਲਦਾ ਹੈ ਇੱਧਰ-ਉੱਧਰ ਰਸਤਾ ਨਹੀਂ ਬਦਲਦਾ। ਮੈਂ ਤਪੱਸਵੀ ਹਾਂ, ਜੀਵਨ ਵਿਚ ਸ਼ੇਰ-ਵਿਰਤੀ ਦਾ ਆਦਰਸ਼ ਲੈ ਕੇ ਘਰੋਂ ਨਿਕਲਿਆ ਹਾਂ।"

"ਚੰਡ-ਕੌਸ਼ਿਕ ਅੱਗੇ ਵਿਚਾਰਾ ਸ਼ੇਰ ਕੀ ਕਰ ਸਕਦਾ ਹੈ ? ਉਹ ਤਾਂ ਇਕ ਹੀ ਫੁੰਕਾਰ ਵਿਚ ਮਨੁੱਖ ਨੂੰ ਸਦਾ ਲਈ ਜ਼ਮੀਨ ਵਿਚ ਸੁਲਾ ਦੇਂਦਾ ਹੈ।"

"ਸੰਸਾਰੀ ਪਾਪੀ ਪ੍ਰਾਣੀਆਂ ਨੂੰ ਹੀ ਨਾ, ਜ਼ਹਿਰ ਦਾ ਅਸਰ ਜ਼ਹਿਰ ਤੇ ਹੀ ਹੁੰਦਾ ਹੈ, ਅੰਮ੍ਰਿਤ ਤੇ ਨਹੀਂ। ਸੰਸਾਰੀ ਜੀਵਾਂ ਅੰਦਰ ਵਿਕਾਰਾਂ ਦਾ ਜ਼ਹਿਰ ਪੂਰੀ ਤਰ੍ਹਾਂ ਨਾਲ ਭਰਿਆ ਹੁੰਦਾ ਹੈ। ਇਸ ਲਈ ਬਾਹਰਲੇ ਜ਼ਹਿਰ ਤੋਂ ਕੰਬਦੇ ਹਨ। ਪਰ ਸੰਤ ਤਾਂ ਅੰਮ੍ਰਿਤ-ਸਾਗਰ ਹਨ। ਉਥੇ ਇਕੱਲਾ ਚੰਡ-ਕੌਸ਼ਿਕ ਦਾ ਜ਼ਹਿਰ ਕੀ ਅਸਰ ਕਰੇਗਾ ? ਕਦੇ ਆਤਮਾ ਨੂੰ ਵੀ ਆਤਮਾ ਤੋਂ ਭੈ ਹੋਇਆ ਹੈ ? ਭੈ ਦਾ ਅਸਰ ਦੂਸਰੀ

ਜ਼ਾਤ ਤੇ ਹੁੰਦਾ ਹੈ, ਆਪਣੀ ਜਾਤ ਤੇ ਨਹੀਂ ।"

"ਝੂਠੀ ਫ਼ਿਲਾਸਫੀ ਬਖੇਰਨ ਵਿਚ ਕੀ ਪਿਆ ਹੈ? ਉੱਥੇ ਜਾਣਾ ਹੈ ਤਾਂ ਜੀਵਨ ਦੀ ਆਸ ਨਾ ਰੱਖੋ, ਮੌਤ ਨੂੰ ਅੱਗੇ ਰੱਖ ਕੇ ਜਾਵੋ । ਤੁਹਾਡੇ ਜਿਹੇ ਸੈਂਕੜੇ ਹੌਂਸਲੇ ਵਾਲੇ ਉੱਥੇ ਗਏ ਹਨ ਪਰ ਵਾਪਿਸ ਨਹੀਂ ਆਏ ।"

"ਬਹੁਤ ਠੀਕ, ਜੇ ਮੇਰੇ ਜੀਵਨ ਤੋਂ ਕੁਝ ਸੱਪ ਸੁਧਰ ਸਕੇ ਤਾਂ ਇਹ ਲਾਭ ਕੁਝ ਘੱਟ ਨਹੀਂ । ਮੈਂ ਜਾ ਰਿਹਾ ਹਾਂ ਤੁਸੀਂ ਫਿਕਰ ਨਾ ਕਰੋ ।"

ਮੁਸਾਫਿਰ ਰੋਕਦੇ ਹੀ ਰਹੇ, ਪਰ ਭਗਵਾਨ ਅਗੇ ਵਧ ਗਏ । ਚੰਡ-ਕੌਸ਼ਿਕ ਦੇ ਨਿਵਾਸ-ਸਥਾਨ ਤੇ ਪਹੁੰਚ ਕੇ ਭਗਵਾਨ ਧਿਆਨ ਲਾ ਕੇ ਖੜੇ ਹੋ ਗਏ । ਕੌਸ਼ਿਕ ਫੁੰਕਾਰੇ ਮਾਰਦਾ ਹੋਇਆ ਖੁੱਡ ਚੋਂ ਨਿਕਲਿਆ । ਭਗਵਾਨ ਤੇ ਜ਼ਰਾ ਵੀ ਅਸਰ ਨਾ ਹੋਇਆ, ਫ਼ਿਰ ਦੂਣੇ ਤੇਜ ਨਾਲ ਫੁੰਕਾਰ ਮਾਰੀ, ਫ਼ਿਰ ਵੀ ਕੁੱਝ ਨਹੀਂ ਹੋਇਆ, ਹੁਣ ਤਾਂ ਕੌਸ਼ਿਕ ਘਬਰਾ ਗਿਆ—

"ਇਹ ਕੀ ?"

"ਨਾਗ ਰਾਜ, ਕਿਸ ਦੁਵਿਧਾ ਵਿਚ ਹੋ ! ਜਿਵੇਂ ਚਾਹੋ ਕੱਟ ਸਕਦੇ ਹੋ । ਮੈਂ ਤੇਰੇ ਸਾਮ੍ਹਣੇ ਹਾਂ । ਜਾਂਦਾ ਨਹੀਂ ।"

ਕੌਸ਼ਿਕ ਇਕ ਨਿਗਾਹ ਨਾਲ ਵੇਖਦਾ ਰਿਹਾ ।

"ਕੌਸ਼ਿਕ, ਦੂਸਰੇ ਜੀਵਾਂ ਨੂੰ ਤੰਗ ਕਰਨ ਦਾ ਕੀ ਲਾਭ ? ਮੈਂ ਖੁਸ਼ੀ ਨਾਲ ਤੇਰੇ ਸਾਮ੍ਹਣੇ ਖੜਾ ਹਾਂ । ਕੋਈ ਕਾਹਲ ਨਹੀਂ, ਖੂਬ ਤਸੱਲੀ ਦੇ ਨਾਲ ਪਿਆਸ ਬੁਝਾ ਸਕਦੇ ਹੋ ਤ੍ਰਿਪਤ ਹੋ ਸਕਦੇ ਹੋ ।"

ਕੌਸ਼ਿਕ ਇਕ ਨਿਗਾਹ ਨਾਲ ਵੇਖਦਾ ਰਿਹਾ ।

''ਭਲੇ ਪੁਰਸ਼ ! ਕਿਸ ਚੱਕਰ ਵਿਚ ਹੋ ? ਮੈਨੂੰ ਦੁੱਖ ਹੈ ਕਿ ਤੂੰ ਵਿਅਰਥ ਹੀ ਹਜ਼ਾਰਾਂ ਮਨੁੱਖਾਂ ਨੂੰ ਦੁੱਖ ਦਿੱਤਾ, ਕਸ਼ਟ ਪਹੁੰਚਾਇਆ, ਜ਼ਿੰਦਗੀ ਤੋਂ ਰਹਿਤ ਕੀਤਾ। ਤੈਨੂੰ ਪਤਾ ਨਹੀਂ ਇਸ ਕੁਕਰਮ ਦਾ ਕੀ ਸਿੱਟਾ ਹੋਵੇਗਾ ? ਪਿਛਲੇ ਜਨਮ ਦੇ ਪਾਪਾਂ ਨੇ ਤੈਨੂੰ ਸੱਪ ਬਣਾਇਆ। ਹੁਣ ਦੇ ਪਾਪ ਤੈਨੂੰ ਕੀ ਬਨਾਉਣਗੇ, ਥੋੜ੍ਹਾ ਸੋਚ ਤਾਂ ਸਹੀ !''

ਕੌਸ਼ਿਕ ਇਕ ਨਿਗਾਹ ਨਾਲ ਫਿਰ ਵੇਖਦਾ ਰਿਹਾ।

''ਦੇਵਾਨੁ ਪ੍ਰਿਯ, (ਦੇਵਤਾ ਦੇ ਪਿਆਰੇ) ਹੁਣ ਵੀ ਕੁਝ ਨਹੀਂ ਵਿਗੜਿਆ। ਸੰਭਲ ਜਾਵੋ, ਭੈੜੀਆਂ ਆਦਤਾਂ ਛੱਡ ਦਿਓ। ਜੀਵਨ ਦੀ ਸਾਰਥਕਤਾ ਦੂਸਰੇ ਨੂੰ ਕਸ਼ਟ ਦੇਣ ਵਿਚ ਨਹੀਂ, ਸੁੱਖ ਦੇਣ ਵਿਚ ਹੈ। ਬਦ-ਕਿਸਮਤੀ ਨਾਲ ਜੇ ਕਿਸੇ ਨੂੰ ਸੁਖ ਨਹੀਂ ਦੇ ਸਕਦੇ ਤਾਂ ਦੁੱਖ ਵੀ ਨਾ ਦਿਓ।

ਭਗਵਾਨ ਦੇ ਠੰਡੇ ਮਿੱਠੇ ਬਚਨਾਂ ਨੂੰ ਸੁਣਕੇ ਨਾਗ-ਰਾਜ ਕੁੱਝ ਕੁੱਝ ਹੋਸ਼ ਵਿਚ ਆਇਆ ਤੇ ਵਿਚਾਰਾਂ ਵਿਚ ਡੁੱਬ ਗਿਆ। ਉਹਨੂੰ ਪਿਛਲੇ ਜਨਮ ਦਾ ਗਿਆਨ ਹੋ ਗਿਆ। ਪਿਛਲੇ ਪਾਪਾਂ ਦਾ ਨਜ਼ਾਰਾ ਸਿਨੇਮਾਂ ਦੀ ਤਰ੍ਹਾਂ ਉਸਦੀਆਂ ਅਖਾਂ ਦੇ ਸਾਮ੍ਹਣੇ ਘੁਮਣ ਲਗ ਪਿਆ। ਦਿਲ ਦੁਖੀ ਹੋ ਗਿਆ ਤੇ ਭਗਵਾਨ ਦੇ ਚਰਣਾਂ ਵਿਚ ਸਿਰ ਝੁਕਾ ਕੇ ਆਪਣੀ ਭਾਸ਼ਾ ਵਿਚ ਕਹਿਣ ਲਗਾ :—

''ਪ੍ਰਭੂ ! ਖਿਮਾ ਕਰੋ, ਦੀਨ ਬੰਧੂ ਦਿਆ ਕਰੋ। ਮੈਂ ਪਾਪੀ ਹਾਂ, ਮੈਂ ਤੁਹਾਨੂੰ ਪਛਾਣ ਨਹੀਂ ਸੀ ਸਕਿਆ। ਦਿਆਲੂ, ਮੇਰਾ ਬੇੜਾ ਕਿਵੇਂ ਪਾਰ ਹੋਵੇਗਾ ! ਪ੍ਰਭੂ ਰੱਖਿਆ ਕਰੋ ! ਮੇਰੀ

ਰਖਿਆ ਕਰੋ। ਅਪਰਾਧੀ ਆਪਜੀ ਦੀ ਸ਼ਰਨ ਵਿਚ ਹੈ।"

ਸੱਪਾਂ ਦੇ ਰਾਜੇ ਦਾ ਪਾਪੀ ਹਿਰਦਾ ਅੱਜ ਦਿਆਲੁਤਾ ਦੀ ਦਿਆ ਦ੍ਰਿਸ਼ਟੀ ਨਾਲ ਪਿਘਲ ਗਿਆ। ਵਾਰ ਵਾਰ ਪ੍ਰਭੂ ਨੂੰ ਵੇਖਦਾ ਹੈ, ਰੋਂਦਾ ਹੀ ਜਾਂਦਾ ਹੈ ਪੁਰਾਣੇ ਪਾਪਾਂ ਦੀ ਮੈਲ ਅੱਜ ਉਸਦੀਆਂ ਅੱਖਾਂ ਵਿਚੋਂ ਹੰਝੂਆਂ ਦੇ ਰੂਪ ਵਿਚ ਬਾਹਰ ਨਿਕਲੀ।

ਭਗਵਾਨ ਨੇ ਧੀਰਜ ਭਰਿਆ ਉਪਦੇਸ਼ ਦਿਤਾ। ਨਾਗ ਰਾਜ ਨੇ ਅਜ ਤੋਂ ਮਨ, ਬਚਨ ਅਤੇ ਕਰਮ ਤੋਂ ਕਿਸੇ ਨੂੰ ਵੀ ਕਸ਼ਟ ਨਾ ਦੇਣ ਦਾ ਪ੍ਰਣ ਕੀਤਾ।

ਭਗਵਾਨ ਆਸ਼ੀਰਵਾਦ ਦੇ ਕੇ ਸਵੇਤਾਮਵੀ ਵਲ ਚਲ ਪਏ। ਨਾਗ ਰਾਜ ਨੇ ਜ਼ਹਿਰ ਦੀ ਥਾਂ ਤੇ ਅੰਮ੍ਰਿਤ ਦਾ ਪਾਠ ਪੜ੍ਹਨਾ ਸ਼ੁਰੂ ਕੀਤਾ। ਲੋਕ ਹੈਰਾਨ ਸਨ, ਕਿ ਇਹ ਕੀ ਹੋਇਆ ? ਆਸ ਪਾਸ ਦੇ ਉਜੜੇ ਤਪਸਵੀਆਂ ਦੇ ਆਸ਼ਰਮ ਫਿਰ ਵਸ ਗਏ। ਜਿਸ ਸੱਪ ਨੂੰ ਮਾਰਨ ਲਈ ਸਾਰਾ ਦੇਸ਼ ਪਾਗਲ ਹੋ ਗਿਆ ਸੀ। ਅੱਜ ਉਸਦੀ ਪੂਜਾ ਲਈ ਸਾਮਾਨ ਜੁਟਾ ਰਿਹਾ ਸੀ। ਸੱਪ ਦੀ ਘਰ ਘਰ ਪੂਜਾ ਹੋ ਰਹੀ ਸੀ। ਭਗਵਾਨ ਉਸ ਨੂੰ ਜ਼ਹਿਰੀਲੇ ਸੱਪ ਦੀ ਥਾਂ ਅੰਮ੍ਰਿਤ ਦਾ ਦੇਵਤਾ ਬਣਾ ਚੁਕੇ ਸਨ।

## * ਖਿਮਾਂ ਦੀ ਹੱਦ

ਭਗਵਾਨ ਮਹਾਂਵੀਰ ਨੇ ਆਪਣੇ ਆਪ ਨੂੰ ਸ਼ਾਂਤੀ-ਸਾਧਨਾ ਦੇ ਉੱਚੇ ਸ਼ਿਖਰ ਤੇ ਚੜ੍ਹਾ ਲਿਆ ਸੀ। ਸਾਰੇ ਸੰਸਾਰ

ਦੇ ਪ੍ਰਤੀ, ਫੇਰ ਭਲਾ ਉਹ ਸਨੇਹੀ ਹੋਵੇ ਜਾਂ ਦਵੇਸ਼ੀ। ਉਨ੍ਹਾਂ ਦੇ ਦਿਲ ਵਿਚ ਕਲਿਆਣ ਦੀ ਭਾਵਨਾ ਕੁੱਟ ਕੁੱਟ ਕੇ ਭਰੀ ਹੋਈ ਸੀ। ਵਿਰੋਧੀ ਤੋਂ ਵਿਰੋਧੀ ਵੀ ਉਨ੍ਹਾਂ ਦੀ ਆਪਾਰ ਖਿਮਾ, ਅਪਾਰ ਸ਼ਾਂਤੀ, ਅਪਾਰ ਪ੍ਰੇਮ ਨੂੰ ਵੇਖਕੇ ਅਚਾਨਕ ਹੀ ਖੁਸ਼ੀ ਪ੍ਰਾਪਤ ਕਰਦਾ ਸੀ। ਥੱਲੇ ਦੀ ਘਟਨਾ ਤੋਂ ਇਹ ਗਲ ਸਪਸ਼ਟ ਹੋ ਜਾਂਦੀ ਹੈ।

ਸਵਰਗ ਲੋਕ ਵਿਚ ਇਕ ਦਿਨ ਦੇਵਤਿਆਂ ਦੀ ਸਭਾ ਲਗੀ ਹੋਈ ਸੀ। ਦੇਵਤਿਆਂ ਦੇ ਸਿਰਤਾਜ ਇੰਦਰ ਰਤਨਾਂ ਜੜੇ ਸਿੰਘਾਸਨ ਤੇ ਆਪਣੀ ਪੂਰੀ ਸ਼ਾਨ ਨਾਲ ਵਿਰਾਜਮਾਨ ਸਨ। ਪਰੀਆਂ ਨਚ ਰਹੀਆਂ ਸਨ। ਸਾਜ਼ਾਂ ਦੀ ਮਿੱਠੀ ਧੁੰਨ ਗੂੰਜ ਰਹੀ ਸੀ। ਸਭਾ ਨਾਚ ਤੇ ਗਾਣੇ ਵਿਚ ਆਪਣਾ ਸਰੂਪ ਭੁੱਲੀ ਬੈਠੀ ਸੀ।

ਦੇਵਤਿਆਂ ਦੇ ਸਿਰਤਾਜ ਇੰਦਰ, ਸ਼ਰੀਰ ਤੋਂ ਸਿੰਘਾ-ਸਨ ਤੇ ਸਨ ਪਰ ਮਨ ਉੱਥੇ ਨਹੀਂ ਸੀ। ਉਹ ਮਿਰਤਲੋਕ ਵਿਚ ਪ੍ਰਭੂ ਦੇ ਦਰਸ਼ਨ ਕਰ ਰਿਹਾ ਸੀ। ਭਗਵਾਨ ਉਜਾੜ ਬਨ ਵਿਚ ਪ੍ਰਕ੍ਰਿਤੀ ਰਾਹੀਂ ਦਿਤੇ ਗਏ ਕਸ਼ਟਾਂ ਨਾਲ ਲੜ ਰਹੇ ਸਨ। ਇੰਦਰ, ਪ੍ਰਭੂ ਦੀ ਅਦਭੁਤ ਸ਼ਕਤੀ ਵੇਖ ਕੇ ਹੈਰਾਨ ਹੋ ਗਿਆ ਤੇ ਬੋਲ ਉਠਿਆ, "ਪ੍ਰਭੂ, ਪ੍ਰਭੂ! ਕਿੰਨਾਂ ਹੌਂਸਲਾ ਹੈ, ਕਿੰਨਾਂ ਧੀਰਜ ਹੈ। ਇਹ ਬੇਜਾਨ ਕਸ਼ਟ ਭਲਾ ਆਪ ਨੂੰ ਕਿਵੇਂ ਹਰਾ ਸਕਦੇ ਹਨ ? ਸ਼ਕਤੀਸ਼ਾਲੀ, ਦੇਵਤਾ ਜਾਂ ਰਾਖਸ਼ ਤਕ ਭੀ ਆਪ ਨੂੰ ਨਹੀਂ ਹਰਾ ਸਕਦੇ। ਆਪ ਤਾਂ ਕਠੋਰ ਪ੍ਰਕ੍ਰਿਤੀ ਦੇ ਬਣੇ ਹੋ।

ਦੇਵਤਿਆਂ ਦੀ ਸਭਾ ਨੇ ਜੈ ਜੈਕਾਰ ਦੀਆਂ ਆਵਾਜ਼ਾਂ ਨਾਲ ਇੰਦਰ ਦਾ ਸਾਥ ਦਿਤਾ। ਪਰ ਸੰਗਮ ਨਾਉਂ ਦੇ ਦੇਵਤੇ ਦੇ ਦਿਲ ਵਿਚ ਇਹ ਗੱਲ ਨਾ ਉਤਰ ਸਕੀ। ਉਹ ਇਕ ਮਾਨਯੋਗ ਦੇਵਤਾ ਸੀ। ਉਸ ਨੂੰ ਆਪਣੇ ਮਹਾਨ ਦੇਵਤਾਪਣ ਬਲ ਤੇ ਮਾਨ ਸੀ। ਉਹ ਭਗਵਾਨ ਦੇ ਕੋਲ ਉਨ੍ਹਾਂ ਨੂੰ ਰਸਤੇ ਤੋਂ ਡਿਗਾਉਣ ਪਹੁੰਚਿਆ।

ਸੰਗਮ ਨੇ ਕਸ਼ਟਾਂ ਦਾ ਤੂਫ਼ਾਨ ਖੜਾ ਕਰ ਦਿਤਾ। ਜਿੰਨੇ ਵੀ ਉਹ ਕਸ਼ਟ ਦੇ ਸਕਦਾ ਸੀ ਦਿਤੇ। ਸ਼ਰੀਰ ਦਾ ਰੋਮ ਰੋਮ ਪੀੜਾ ਨਾਲ ਭਰ ਦਿਤਾ। ਜਦ ਕਸ਼ਟਾਂ ਨਾਲ ਨਾ ਡਿੱਗੇ ਤਾਂ ਲੋਭਾਂ ਲਾਲਚਾਂ ਦਾ ਜਾਲ ਵਿਛਾ ਦਿਤਾ। ਆਕਾਸ਼ ਲੋਕ ਵਿਚ ਇਕ ਤੋਂ ਇਕ ਸੁੰਦਰ ਪਰੀਆਂ ਉਤਰੀਆਂ। ਨਾਚ ਹੋਇਆ, ਗਾਨ ਹੋਇਆ, ਹਾਓ-ਭਾਓ ਹੋਇਆ। ਸਭ ਕੁਝ ਹੋਇਆ ਪਰ ਭਗਵਾਨ ਦਾ ਹਿਰਦਾ ਮੇਰੂ ਪਰਬਤ ਵਾਂਗ ਅਡੋਲ ਰਿਹਾ।

ਇੰਨੇ ਗਿਣੇ, ਥੋੜੇ ਦਿਨ ਨਹੀਂ ਪੂਰੇ ਛੇ ਮਹੀਨੇ ਤਕ ਦੁੱਖ-ਸੁੱਖ ਅਤੇ ਸੁੱਖ-ਦੁੱਖ ਦਾ ਚੱਕਰ ਚਲਦਾ ਰਿਹਾ। ਆਖਿਰ ਵਿਚ ਸੰਗਮ ਦਾ ਹੌਂਸਲਾ ਨਸ਼ਟ ਹੋ ਗਿਆ। ਉਹ ਹਾਰ ਗਿਆ, ਪਰ ਹਾਰਿਆ ਹੋਇਆ ਵੀ ਆਪਣੀ ਗੱਲ ਜ਼ਰਾ ਉਪਰ ਰੱਖਣ ਲਈ ਬੋਲਿਆ।

"ਭਗਵਾਨ, ਆਪ ਜਾਣਦੇ ਹੋ। ਮੈਂ ਸੰਗਮ ਦੇਵ ਹਾਂ। ਆਪਦੀ ਪ੍ਰੀਖਿਆ ਲੈ ਰਿਹਾ ਸੀ ਪਰ ਹੁਣ ਮੈਂ ਸੋਚਦਾ ਹਾਂ ਕਿ ਕਿਉਂ ਕਿਸੇ ਸੰਤ ਨੂੰ ਤੰਗ ਕੀਤਾ ਜਾਵੇ ?

ਮੈਂ ਵੇਖ ਰਿਹਾ ਹਾਂ ਕਿ ਇਨ੍ਹਾਂ ਛੇ ਮਹੀਨਿਆਂ ਵਿਚ ਆਪ ਬੜੇ-ਬੜੇ ਕਸ਼ਟਾਂ ਦੀ ਪ੍ਰਵਾਹ ਨਾ ਕਰਕੇ ਤੁਸੀਂ ਆਪਣੇ ਸੰਜਮ 'ਤੇ ਅਡਿਗ ਰਹੇ। ਇਸ ਲਈ ਪ੍ਰਭੂ ਹੁਣ ਤੁਸੀਂ ਆਪਣੀ ਸਾਧਨਾ ਕਰੋ, ਮੈਂ ਜਾ ਰਿਹਾ ਹਾਂ। ਦੂਸਰੇ ਦੇਵਤਿਆਂ ਨੂੰ ਰੋਕ ਦੇਵਾਂਗਾ। ਹੁਣ ਤੁਹਾਨੂੰ ਕੋਈ ਕਸ਼ਟ ਨਹੀਂ ਦੇਵੇਗਾ।"

ਭਗਵਾਨ ਦੀਆਂ ਅੱਖਾਂ ਸਦ-ਭਾਵਨਾ ਦੇ ਹੰਝੂਆਂ ਨਾਲ ਭਰ ਗਈਆਂ।

"ਭਗਵਾਨ ਇਹ ਕੀ ? ਕੋਈ ਕਸ਼ਟ ਹੈ ?"

"ਹਾਂ ਸੰਗਮ, ਕਸ਼ਟ ਹੈ, ਬਹੁਤ ਭਿਆਨਕ ਕਸ਼ਟ ਹੈ।"

"ਭਗਵਾਨ, ਕੀ ਕਸ਼ਟ ਹੈ, ਜ਼ਰਾ ਦਸੋ ਤਾਂ ਸਹੀ ! ਮੈਂ ਉਸ ਨੂੰ ਦੂਰ ਕਰਾਂਗਾ।"

"ਸੰਗਮ, ਕੀ ਦੂਰ ਕਰੋਗੇ ? ਇਹ ਤੇਰੇ ਵਸ ਦੀ ਗੱਲ ਨਹੀਂ।"

"ਫਿਰ ਵੀ।"

"ਸੰਗਮ, ਤੂੰ ਸਮਝਦਾ ਹੋਵੇਂਗਾ ਕਿ ਮੈਂ ਆਪਣੇ ਕਸ਼ਟਾਂ ਦੀ ਗੱਲ ਕਰ ਰਿਹਾ ਹਾਂ। ਭਲੇ ਪੁਰਸ਼, ਇਹ ਗੱਲ ਨਹੀਂ ਹੈ। ਮੈਂ ਆਪਣੇ ਕਸ਼ਟਾਂ ਤੋਂ ਨਹੀਂ ਘਬਰਾਉਂਦਾ। ਛੇ ਮਹੀਨੇ ਤਾਂ ਕੀ, ਛੇ ਸਾਲ ਵੀ ਮੈਨੂੰ ਕਸ਼ਟ ਦਿੰਦੇ ਰਹੋ ਤਦ ਵੀ ਮੇਰਾ ਕੁਝ ਨਹੀਂ ਬਿਗੜਦਾ। ਮੈਂ ਤਾਂ ਇਨ੍ਹਾਂ ਕਸ਼ਟਾਂ ਨਾਲ ਜ਼ਿਆਦਾ ਤੋਂ ਜ਼ਿਆਦਾ ਸੰਵਰਦਾ ਹਾਂ, ਵਿਗੜਦਾ ਨਹੀਂ। ਉਹ ਤਾਂ ਹੋਰ ਹੀ ਹੈ।"

"ਉਹ ਕਿਹੜਾ ਹੈ ?"

"ਉਹ ਇਹ ਹੈ ਕਿ ਤੂੰ ਅਗਿਆਨ ਦੀ ਹਾਲਤ ਵਿਚ ਜੋ ਮੈਨੂੰ ਕਸ਼ਟ ਦਿਤੇ ਹਨ। ਉਨ੍ਹਾਂ ਦਾ ਭਵਿੱਖ ਵਿਚ ਕੀ ਫਲ ਹੋਵੇਗਾ। ਜਦ ਮੈਂ ਤੇਰੇ ਉਸ ਹਨੇਰੇ ਭਵਿਖ ਵਲ ਵੇਖਦਾ ਹਾਂ ਤਾਂ ਕੰਬ ਜਾਂਦਾ ਹਾਂ। ਇਕ ਅਗਿਆਨੀ ਜੀਵ ਮੇਰੇ ਕਾਰਣ ਕੁਕਰਮ ਕਰਕੇ ਕਿੰਨਾਂ ਦੁੱਖ ਪਾਵੇਗਾ। ਕਿੰਨੀ ਸਜ਼ਾ ਪਾਇਗਾ। ਆਹ— ... ...! ਕਿੰਨਾਂ ਅਸਹਿ ਦੁੱਖ ਹੈ। ਭਲੇ ਪੁਰਸ਼ ! ਜਿਵੇਂ ਹੋ ਸਕੇ ਤੈਨੂੰ ਸ਼ਾਂਤੀ ਮਿਲੇ।"

ਭਗਵਾਨ ਦੇ ਦਿਲ ਵਿਚ ਦਇਆ ਦਾ ਸਮੁੰਦਰ ਠਾਠਾਂ ਮਾਰਨ ਲੱਗਦਾ ਹੈ। ਅੱਖਾਂ ਵਿਚ ਫ਼ੇਰ ਸਦਭਾਵਨਾ ਦੇ ਹੰਝੂ ਵਹਿਣ ਲਗਦੇ ਹਨ। ਸੰਗਮ ਦਇਆ ਮੂਰਤ ਦੇ ਇਸ ਵਰਤਾਉ ਨੂੰ ਵੇਖਕੇ ਪਾਨੀ ਪਾਨੀ ਹੋ ਜਾਂਦਾ ਹੈ।

ਕਿੰਨਾਂ ਮਹਾਨ ਤੇ ਸੁੱਚਾ ਜੀਵਨ ਸੀ। ਕਿੰਨਾਂ ਆਦਰਸ਼ ਵਿਸ਼ਵ-ਪਰੇਮ ਸੀ। ਭਗਵਾਨ ਦੀ ਅੰਮ੍ਰਿਤ-ਰਸ ਭਰੀ ਦ੍ਰਿਸ਼ਟੀ ਵਿਚ ਸ਼ੱਤਰੂ ਤੇ ਮਿੱਤਰ ਦਾ ਭੇਦ ਭਾਵ ਰਿਹਾ ਹੀ ਨਹੀਂ। ਉੱਥੇ ਮਿੱਤਰ ਵੀ ਮਿੱਤਰ ਸੀ ਅਤੇ ਦੁਸ਼ਮਨ ਵੀ ਮਿੱਤਰ।

* * *

□

## ❀ ਅਰਿਹੰਤ ਦੇ ਆਸਨ ਤੇ

ਭਗਵਾਨ ਮਹਾਂਵੀਰ ਸਾਢੇ ਬਾਰਾਂ ਸਾਲ ਤਕ ਇਸੇ ਪ੍ਰਕਾਰ ਸਾਰੇ ਪਾਸੇ ਦਇਆ ਦਾ ਸਮੁੰਦਰ ਵਹਾਉਂਦੇ ਆਤਮ ਸਾਧਨਾ ਕਰਦੇ ਰਹੇ। ਅਕਸਰ ਉਜਾੜ ਜੰਗਲਾਂ ਵਿਚ ਰਹਿਣਾ, ਜੰਗਲੀ ਪਸ਼ੂਆਂ ਦਾ ਗੁੱਸਾ ਤੇ ਕਸ਼ਟ ਸਹਿਣਾ, ਮਨੁੱਖਾਂ ਤੇ ਦੇਵਤਿਆਂ ਦੇ ਅਤਿਆਚਾਰ ਨੂੰ ਹਸਦੇ ਹੋਏ ਸਿਰ ਤੇ ਝੱਲਨਾ, ਛੇ-ਛੇ ਮਹੀਨੇ ਤਕ ਅੰਨ ਦਾ ਇਕ ਜ਼ਰੱਾ ਅਤੇ ਪਾਣੀ ਦੀ ਇਕ ਬੂੰਦ ਤਕ ਮੂੰਹ ਵਿਚ ਨਾ ਪਾਉਣਾ। ਆਹ ! ਕਿੰਨਾਂ ਮਹਾਨ ਤਪੱਸ੍ਵੀ ਜੀਵਨ ਸੀ ਉਨ੍ਹਾਂ ਦਾ।

ਹਾਂ, ਤਾਂ ਭਗਵਾਨ ਕਠੋਰ ਤਪ ਕਰਦੇ ਹੋਏ 'ਜੰਭਿਆ' ਪਿੰਡ ਦੇ ਕੋਲ ਵਗਦੀ ਨਦੀ ਰਿਜੁਬਾਲੁਕਾ ਦੇ ਕੰਢੇ ਤੇ ਪੁੱਜੇ। ਉੱਥੇ ਸਾਲ ਦਾ ਇਕ ਬੜਾ ਸੰਘਣਾ ਦਰਖਤ ਸੀ ਤੇ ਉਸ ਹੇਠ ਧਿਆਨ ਲਾਇਆ ਹੋਇਆ ਸੀ। ਆਤਮ-ਸਾਧਨਾ ਆਪਣੀ ਆਖਰੀ ਹੱਦ ਤੇ ਪਹੁੰਚ ਚੁੱਕੀ ਸੀ। ਆਤਮਾ ਤੇ ਘਨਘਾਤੀ (ਭੈੜੇ) ਕਰਮਾਂ ਦਾ ਪਰਦਾ ਦੂਰ ਹੋਇਆ ਤੇ ਭਗਵਾਨ ਮਹਾਂਵੀਰ ਕੇਵਲ-ਗਿਆਨ (ਬ੍ਰਹਮ-ਗਿਆਨ) ਤੇ ਕੇਵਲ ਦਰਸ਼ਨ ਦੇ ਧਾਰਨ ਕਰਨ ਵਾਲੇ ਬਣੇ। ਜੈਨ-ਪਰਿਭਾਸ਼ਾ ਵਿਚ ਹੁਣ ਆਪ ਅਰਿਹੰਤ ਅਤੇ ਜਿੰਨ ਹੋ ਗਏ ਸਨ।

ਵੈਸ਼ਾਖ ਸ਼ੁਕਲਾ ਦਸਵੀਂ ਦਾ ਇਹ ਕੇਵਲ-ਗਿਆਨ (ਬ੍ਰਹਮ) ਪ੍ਰਾਪਤੀ ਦਾ ਸ਼ੁਭ ਦਿਨ ਜੈਨ ਇਤਿਹਾਸ ਵਿਚ ਹਮੇਸ਼ਾ-ਹਮੇਸ਼ਾ ਲਈ ਅਜਰ-ਅਮਰ ਰਹੇਗਾ। ਅੱਜ ਦੇ ਦਿਨ ਹੀ ਭਗਵਾਨ ਦਾ ਸਭ ਤੋਂ ਪਹਿਲਾ ਉਪਦੇਸ਼ ਭਾਰਤੀ ਜਨਤਾ ਨੂੰ ਪ੍ਰਾਪਤ ਹੋਇਆ।

## ❀ ਸੱਚ ਦੀ ਜੈ

ਮਹਾਂਪੁਰਸ਼ਾਂ ਦੇ ਜੀਵਨ ਦੀ ਵਿਸ਼ੇਸ਼ਤਾ ਇਕ-ਮਾਤਰ ਆਪ ਸੱਚ ਦੀ ਪਾਲਨਾ ਕਰਨਾ ਨਹੀਂ ਹੈ। ਉਨ੍ਹਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਤਾਂ ਪ੍ਰਾਪਤ ਸੱਚ ਨੂੰ ਹਨੇਰ-ਪੂਰਨ ਸੰਸਾਰ ਦੇ ਸਾਹਮਣੇ ਰਖਣਾ ਹੈ। ਸੂਰਜ ਦਾ ਮਹੱਤਵ ਆਪਣੇ ਲਈ ਹਨੇਰ ਦਾ ਨਾਸ਼ ਕਰਨਾ ਹੀ ਨਹੀਂ, ਬਲਕਿ ਸਾਰੇ ਜਗਤ ਨੂੰ ਪ੍ਰਕਾਸ਼ ਦੇਣਾ ਹੈ।

ਭਗਵਾਨ ਮਹਾਂਵੀਰ ਜੀ ਕੇਵਲ-ਗਿਆਨ ਦਾ ਲਾਭ ਲੈ ਚੁੱਕੇ ਸਨ। ਆਪਣੇ ਵਲੋਂ ਪੂਰਨ ਬਣ ਚੁੱਕੇ ਸਨ। ਉਹ ਚਾਹੁੰਦੇ ਤਾਂ ਹੁਣ ਆਰਾਮ ਨਾਲ ਇਕਾਂਤ ਜੀਵਨ ਬਿਤਾ ਸਕਦੇ ਸਨ, ਪਰ ਉਹ ਤਾਂ ਸੱਚੇ ਮਹਾਂਪੁਰਸ਼ ਸਨ। ਉਹ ਉਸ ਸਮੇਂ ਤਕ ਲੋਕਾਂ ਦੇ ਸੰਪਰਕ ਤੋਂ ਦੂਰ ਰਹੇ ਜਦੋਂ ਤਕ ਖੁਦ ਆਤਮ-ਪ੍ਰਕਾਸ਼ ਦੀ ਖੋਜ ਵਿਚ ਲਗੇ ਰਹੇ। ਜਿਉਂ ਹੀ ਆਤਮ ਪ੍ਰਕਾਸ਼ ਪਾਇਆ ਕਿ ਸੰਸਾਰ ਨੂੰ ਪ੍ਰਕਾਸ਼ ਦੇਣ ਵਿਚ ਜੁਟ ਗਏ। ਕੌਣ ਮਹਾਂਪੁਰਸ਼ ਸੰਸਾਰ ਨੂੰ ਵਿਨਾਸ਼ ਦੇ ਟੋਏ ਵਿਚ ਪਿਆ ਵੇਖਕੇ ਚੁਪ ਰਹਿ ਸਕਦਾ ਹੈ? ਆਰਾਮ ਦੇ ਨਾਲ

ਜ਼ਿੰਦਗੀ ਗੁਜ਼ਾਰਨਾ ਮਹਾਂਪੁਰਸ਼ਾਂ ਦੀ ਪਰਿਭਾਸ਼ਾ ਨਹੀਂ। ਮਹਾਂਪੁਰਸ਼ਾਂ ਦੀ ਪਰਿਭਾਸ਼ਾ ਤਾਂ ਵਿਸ਼ਵ-ਕਲਿਆਨ ਦੇ ਲਈ ਸੰਘਰਸ਼ ! ਸੰਘਰਸ਼ !! ਹਮੇਸ਼ਾ ਕਰਨਾ ਹੀ, ਮੁੱਢ ਤੋਂ ਚਲਿਆ ਆ ਰਿਹਾ ਹੈ।

ਭਗਵਾਨ ਨੇ ਕੇਵਲ-ਗਿਆਨ ਪ੍ਰਾਪਤ ਕਰਦੇ ਹੀ ਉਸ ਸਮੇਂ ਦੇ ਭੈੜੇ ਰਿਵਾਜ਼ਾਂ ਪ੍ਰਤੀ ਬਗਾਵਤ ਦਾ ਝੰਡਾ ਖੜਾ ਕੀਤਾ। ਸੱਚ ਦਾ ਵਾਸਤਵਿਕ ਰੂਪ ਜੋ ਪਾਖੰਡ ਦੇ ਹਨੇਰੇ ਵਿਚ ਧੁੰਧਲਾ ਪੈ ਗਿਆ ਸੀ, ਫੇਰ ਸਾਫ ਕਰਕੇ ਜਨਤਾ ਦੇ ਸਾਹਮਣੇ ਰਖਿਆ। ਜਨਤਾ ਦੇ ਵਿਚਾਰਾਂ ਵਿਚ ਕ੍ਰਾਂਤੀ ਦਾ ਮੰਤਰ ਪੜ੍ਹਿਆ। ਇਸ ਤਰ੍ਹਾਂ ਸੋਇਆ ਹੋਇਆ ਮਨੁੱਖੀ-ਸਮਾਜ (ਸੰਸਾਰ) ਫਿਰ ਤੋਂ ਅੰਗੜਾਈ ਲੈ ਕੇ ਉੱਠ ਖੜੋਤਾ।

ਭਗਵਾਨ ਮਹਾਂਵੀਰ ਜੀ ਦੇ ਮੈਦਾਨ ਵਿਚ ਆਉਂਦੇ ਹੀ ਧਾਰਮਿਕ ਵਰਗ ਵਿਚ ਹਲਚਲ ਮੱਚ ਗਈ। ਚਾਨਣ ਦੇ ਇਛੁਕ ਸੰਸਾਰੀ ਇਸ ਨਵੇਂ ਧਰਮ ਗੁਰੂ ਦੇ ਕੰਮਾਂ ਨੂੰ ਵੇਖਣ ਲਗੇ, ਕਿ ਇਹ ਕੀ, ਇਹ ਕੀ ਕਰਨ ਜਾ ਰਿਹਾ ਹੈ ? ਸੱਚ ਦਾ ਪ੍ਰਚਾਰ ਜਿਉਂ-ਜਿਉਂ ਅਗੇ ਵਧਦਾ ਗਿਆ, ਤਿਉਂ-ਤਿਉਂ ਜੈਨ ਧਰਮ ਦਾ ਉੱਚੇ, ਉੱਚਤਰ ਅਤੇ ਉੱਚਤਮ ਨਾਹਰਾ ਭਾਰਤ ਦੇ ਚਾਹੁੰ ਪਾਸੀਂ ਗੂੰਜਨ ਲੱਗਾ।

## * ਯੱਗਾਂ ਦਾ ਵਿਰੋਧ

ਭਗਵਾਨ ਨੇ ਸਭ ਤੋਂ ਪਹਿਲੀ ਘਾਤਕ ਚੋਟ ਉਸ ਸਮੇਂ ਦੇ ਹਿੰਸਕ-ਯੱਗਾਂ ਤੇ ਕੀਤੀ। ਹਜ਼ਾਰਾਂ ਬੇਜਾਨ ਪਸ਼ੂਆਂ

ਦਾ ਧਰਮ ਦੇ ਪਵਿਤਰ ਨਾਉਂ ਤੇ ਖ਼ੂਨ ਵਹਿੰਦਾ ਵੇਖਕੇ ਉਨ੍ਹਾਂ ਦੀ ਦਿਆਲੂ ਆਤਮਾ ਕੰਬ ਉੱਠੀ। ਭਗਵਾਨ ਨੇ ਪਸ਼ੂ-ਯੱਗਾਂ ਦਾ ਖ਼ਾਤਮਾ ਕਰਨ ਲਈ ਕਮਰ ਕਸ ਲਈ। ਅਪਣੇ ਧਰਮ ਉਪਦੇਸ਼ਾਂ ਵਿਚ ਖੁਲ੍ਹਮ-ਖੁਲ੍ਹਾ ਯੱਗਾਂ ਦਾ ਖੰਡਨ ਕਰਨ ਲਗੇ। ਆਪਜੀ ਦਾ ਕਹਿਣਾ ਸੀ :—

"ਧਰਮ ਦਾ ਸਬੰਧ ਆਤਮਾ ਦੀ ਪਵਿੱਤਰਤਾ ਨਾਲ ਹੈ। ਬੇਜਾਨ ਪਸ਼ੂਆਂ ਦਾ ਖ਼ੂਨ ਵਹਾਉਣ ਵਿਚ ਧਰਮ ਕਿੱਥੇ ? ਇਹ ਤਾਂ ਮੂਲ ਤੋਂ ਹੀ ਭਿਅੰਕਰ ਭੁਲ ਹੈ, ਪਾਪ ਹੈ। ਜਦ ਤੁਸੀਂ ਕਿਸੇ ਮਰਦੇ ਜੀਵ ਨੂੰ ਜੀਵਨ ਨਹੀਂ ਦੇ ਸਕਦੇ ਤਾਂ ਉਸਨੂੰ ਮਾਰਨ ਦਾ ਤੁਹਾਨੂੰ ਕੀ ਅਧਿਕਾਰ ਹੈ ? ਪੈਰ ਵਿਚ ਲਗਿਆ ਥੋੜਾ ਜਿਹਾ ਕੰਡਾ ਸਾਨੂੰ ਬੇ-ਚੈਨ ਕਰ ਦਿੰਦਾ ਹੈ ਤਾਂ ਜਿਨ੍ਹਾਂ ਦੇ ਗਲੇ ਤੇ ਛੁਰੀ ਚਲਦੀ ਹੈ ਉਨ੍ਹਾਂ ਨੂੰ ਕਿੰਨਾਂ ਦੁੱਖ ਹੁੰਦਾ ਹੋਵੇਗਾ ! ਯੱਗ ਕਰਨਾ ਬੁਰਾ ਨਹੀਂ। ਜ਼ਰੂਰ ਕਰਨਾ ਚਾਹੀਦਾ ਹੈ, ਪਰ ਧਿਆਨ ਰਖੋ ਕਿ ਉਹ ਵਿਸ਼ੇ-ਵਿਕਾਰਾਂ ਦੀ ਬਲੀ ਨਾਲ ਹੋਵੇ, ਪਸ਼ੂਆਂ ਦੀ ਬਲੀ ਨਾਲ ਨਹੀਂ। ਅਹਿੰਸਕ ਯੱਗ ਦੇ ਲਈ ਆਤਮਾ ਨੂੰ ਅਗਨਿ-ਕੁੰਡ ਬਣਾਓ। ਉਸ ਵਿਚ ਮਨ, ਬਚਨ ਤੇ ਕਰਮ ਰਾਹੀਂ ਚੰਗੀਆਂ ਆਦਤਾਂ ਰੂਪੀ ਘੀ ਪਾਓ। ਫੇਰ ਤਪ-ਅਗਨਿ ਦੇ ਰਾਹੀਂ ਭੈੜੇ ਕੰਮਾਂ ਦਾ ਬਾਲਣ ਜਲਾ ਕੇ ਸ਼ਾਂਤੀ ਰੂਪੀ ਯੱਗ ਕਰੋ।"

ਭਗਵਾਨ ਦੇ ਇਸ ਮਿੱਠੇ ਉਪਦੇਸ਼ ਦਾ ਜਨਤਾ ਤੇ ਪ੍ਰਭਾਵਸ਼ਾਲੀ ਅਸਰ ਹੋਇਆ। ਯੱਗ-ਪ੍ਰੇਮੀ ਜਨਤਾ ਦੇ ਖੁਸ਼ਕ

ਦਿਲ ਵਿਚ ਦਇਆ ਦਾ ਝਰਨਾ ਫੁਟ ਪਿਆ ।

## ❀ ਯੱਗਾਂ ਦਾ ਖਾਤਮਾਂ ਕਿਵੇਂ ਹੋਇਆ ?

ਮਹਾਂਵੀਰ ਦੇ ਜੀਵਨ ਦੀ ਉਸ ਪਹਿਲੀ ਮਹੱਤਵ ਪੂਰਨ ਘਟਨਾ ਨੇ ਹੀ ਉਸ ਸਮੇਂ ਦੇ ਭਾਰਤੀ ਸਮਾਜ ਦੀ ਵਿਚਾਰਧਾਰਾ ਨੂੰ ਬਦਲ ਦਿਤਾ ।

ਮੱਧ ਅਪਾਪਾ ਨਗਰੀ ਵਿਚ ਉਨ੍ਹੀ ਦਿਨੀਂ ਇਕ ਮਹਾਨ ਯਗ ਹੋ ਰਿਹਾ ਸੀ। ਉੱਥੇ ਹਜ਼ਾਰਾਂ ਦੀ ਗਿਣਤੀ ਵਿਚ ਬ੍ਰਾਹਮਣ ਇਕੱਠੇ ਹੋਏ ਸਨ । ਮੰਤਰਾਂ ਦੀ ਮਿੱਠੀ ਧੁਨੀ ਨਾਲ ਅਪਾਪਾ ਨਗਰੀ ਗੂੰਜ ਰਹੀ ਸੀ। ਯੱਗ ਉਸ ਸਮੇਂ ਦੇ ਸ੍ਰੀ ਇੰਦਰ ਭੂਤੀ ਆਦਿ ਪ੍ਰਸਿੱਧ ਗਿਆਰਾਂ ਵਿਦਵਾਨਾਂ ਦੀ ਅਗਵਾਈ ਹੇਠ ਹੋ ਰਿਹਾ ਸੀ। ਇਸ ਯੱਗ ਦੀ ਚਹੁ ਪਾਸੇ ਚਰਚਾ ਸੀ ।

ਭਗਵਾਨ ਮਹਾਂਵੀਰ ਜੀ ਕੇਵਲ-ਗਿਆਨ ਪ੍ਰਾਪਤ ਕਰਕੇ ਸਿੱਧੇ ਅਪਾਪਾ ਪਹੁੰਚੇ । ਉਸ ਮੌਕੇ ਨੂੰ ਉਹ ਕਿਉਂ ਬੇ-ਅਰਥ ਜਾਨ ਦਿੰਦੇ ! ਮਹਾਂਸੇਨ ਬਨ ਵਿਚ ਸਮੋਸਰਨ (ਜਿੱਥੇ ਤੀਰਥੰਕਰ ਬੈਠਦੇ ਹਨ, ਉਸ ਸਥਾਨ ਨੂੰ ਆਖਦੇ ਹਨ ਇਸ ਦੀ ਰਚਨਾ ਦੇਵਤਿਆਂ ਰਾਹੀਂ ਕੀਤੀ ਜਾਂਦੀ ਹੈ) ਅਤੇ ਯੱਗ ਦੇ ਵਿਰੋਧ ਵਿਚ ਬੜਾ ਧੜੱਲੇਦਾਰ ਭਾਸ਼ਣ ਦਿੱਤਾ, ਜਨਤਾ ਟੁਟ ਪਈ। ਯੱਗ ਸਥਾਨ ਖਾਲੀ ਹੋ ਗਿਆ, ਇੰਦਰ ਭੂਤੀ ਬੜਾ ਘੱਮੰਡੀ ਵਿਦਵਾਨ ਸੀ। ਉਹ ਭਗਵਾਨ

ਨਾਲ ਸ਼ਾਸਤਰਾਂ ਦੇ ਬਾਰੇ 'ਚ ਬਹਿਸ ਕਰਨ ਲਈ ਆਇਆ। ਭਗਵਾਨ ਨੇ ਯੁਕਤੀ ਤੇ ਪੁਰ-ਅਸਰ ਬਚਨਾਂ ਨਾਲ ਇੰਦਰ ਭੂਤੀ ਨੂੰ ਸੱਚ ਦਾ ਭੇਦ ਸਮਝਾਇਆ। ਇੰਦਰ ਭੂਤੀ ਦੀਆਂ ਅੱਖਾਂ ਦੇ ਅੱਗੋਂ ਅੰਧਕਾਰ ਦੂਰ ਹੋ ਗਿਆ। ਉਹ ਉਥੇ ਹੀ ਭਗਵਾਨ ਦੇ ਚਰਨਾਂ ਵਿਚ ਪੰਜ ਸੌ ਚੇਲਿਆਂ ਸਮੇਤ ਸਾਧੂ ਬਨ ਗਿਆ। ਇਹ ਇੰਦਰ ਭੂਤੀ ਸਾਡੇ ਗੌਤਮ ਗੰਣਧਰ (ਧਰਮ-ਨੇਤਾ) ਹਨ, ਜਿਨ੍ਹਾਂ ਨੂੰ ਜੈਨ-ਧਰਮ ਦਾ ਬੱਚਾ-ਬੱਚਾ ਜਾਣਦਾ ਹੈ।

ਸ੍ਰੀ ਇੰਦਰ ਭੂਤੀ ਦੇ ਸਾਧੂ ਬਨਣ ਦਾ ਸਮਾਚਾਰ ਜਿਉਂ ਹੀ ਸ਼ਹਿਰ ਵਿਚ ਪੁੱਜਾ, ਤਾਂ ਤਹਿਲਕਾ ਮੱਚ ਗਿਆ। ਵਾਰੀ-ਵਾਰੀ ਨਾਲ ਬਾਕੀ ਦਸ ਵਿਦਵਾਨ ਵੀ ਆਉਂਦੇ ਗਏ, ਸ਼ਾਸਤ੍ਰਾਰਥ ਕਰਦੇ ਗਏ, ਸੱਚ ਦਾ ਅਸਲ ਰੂਪ ਸਮਝਦੇ ਗਏ ਅਤੇ ਆਪਣੇ-ਆਪਣੇ ਚੇਲਿਆਂ ਸਮੇਤ ਭਗਵਾਨ ਦੇ ਚਰਨਾਂ ਵਿਚ ਸਾਧੂ ਬਣਦੇ ਗਏ। ਇਸ ਪ੍ਰਕਾਰ ਇਕ ਦਿਨ ਵਿਚ ਗਿਆਰਾਂ ਵਿਦਵਾਨ ਅਤੇ ਉਨ੍ਹਾਂ ਦੇ ਚਾਰ ਹਜ਼ਾਰ ਚਾਰ ਸੌ ਚੇਲਿਆਂ ਨੂੰ ਭਗਵਾਨ ਨੇ ਜੈਨ-ਧਰਮ ਵਿਚ ਦੀਖਿਆ ਦਿੱਤੀ। ਗਿਆਰਾਂ ਵਿਦਵਾਨ ਗੰਣਧਰ-ਪਦ ਤੇ ਨਿਯੁਕਤ ਹੋਏ ਜਿਸ ਨੂੰ ਉਨ੍ਹਾਂ ਅੰਤ ਤਕ ਬੜੀ ਸਫਲਤਾ ਨਾਲ ਨਿਭਾਇਆ।

## ❀ ਜਾਤ-ਪਾਤ ਦਾ ਖਾਤਮਾ

ਭਗਵਾਨ ਮਹਾਂਵੀਰ ਨੇ ਆਪਣੇ ਧਰਮ-ਉਪਦੇਸ਼ਾਂ ਵਿਚ

ਜਾਤ-ਪਾਤ ਦੀ ਖੂਬ ਖਬਰ ਲਈ। ਅਖੰਡ-ਮਾਨਵ-ਸਮਾਜ ਨੂੰ ਛਿੰਨ-ਭਿੰਨ ਕਰਨ ਵਾਲੀ ਜਾਤ-ਪਾਤ ਦੀ ਭੈੜੀ ਵਿਵਸਥਾ ਪ੍ਰਤਿ ਆਪ ਸ਼ੁਰੂ ਤੋਂ ਹੀ ਵਿਰੋਧ ਦੀ ਦ੍ਰਿਸ਼ਟੀ ਰਖਦੇ ਸਨ। ਆਪ ਦਾ ਫੁਰਮਾਨ ਸੀ ਕਿ—"ਕੋਈ ਵੀ ਮਨੁੱਖ ਜਨਮ ਤੋਂ ਊਚ-ਨੀਚ ਬਣਕੇ ਨਹੀਂ ਆਉਂਦਾ। ਜਾਤੀ ਭੇਦ ਦਾ ਕੋਈ ਅਜਿਹਾ ਸੁਤੰਤਰ ਚਿੰਨ੍ਹ ਨਹੀਂ ਹੈ ਜੋ ਮਨੁੱਖ ਦੇ ਸ਼ਰੀਰ ਤੇ ਜਨਮ ਤੋਂ ਹੀ ਲਗਿਆ ਹੋਵੇ ਅਤੇ ਉਸ ਤੋਂ ਅੱਡ-ਅੱਡ ਜਾਤਾਂ ਦਾ ਪਤਾ ਲੱਗੇ।"

ਊਚ-ਨੀਚ ਦੀ ਵਿਵਸਥਾ ਦਾ ਅਸਲ ਸਿੱਧਾਂਤ ਮਨੁੱਖ ਦੇ ਆਪਣੇ ਭਲੇ ਬੁਰੇ ਕੰਮਾਂ ਤੇ ਨਿਰਭਰ ਹੁੰਦਾ ਹੈ। ਬੁਰਾ ਆਚਰਣ ਰੱਖਣ ਵਾਲਾ ਉੱਚ ਕੁਲ ਵਿਚ ਵੀ ਨੀਚ ਹੈ। ਅਤੇ ਸਦਾਚਾਰੀ ਸੁਭਾਉ ਵਾਲਾ ਨੀਚ ਕੁਲ ਵਿਚ ਉੱਚਾ ਹੈ। ਕਲਪਨਾ ਦੇ ਆਧਾਰ ਤੇ ਉੱਚੀਆਂ ਜਾਤਾਂ ਦਾ ਕੋਈ ਮੁੱਲ ਨਹੀਂ। ਜੋ ਮੁੱਲ ਹੈ ਉਹ ਸ਼ੁੱਧ ਆਚਾਰ ਅਤੇ ਸ਼ੁੱਧ ਵਿਚਾਰਾਂ ਦਾ ਹੈ। ਮਨੁੱਖ ਆਪਣੇ ਭਾਗ ਦਾ ਬਨਾਉਣ ਵਾਲਾ ਆਪ ਹੈ, ਉਹ ਏਧਰ ਥੱਲੇ ਵਲ ਗਿਰੇ ਨੂੰ ਮਨੁੱਖ ਤੋਂ ਰਾਖਸ਼ ਹੋ ਸਕਦਾ ਹੈ ਅਤੇ ਉੱਧਰ ਉੱਪਰ ਵਲ ਵਧੇ ਤਾਂ ਦੇਵਤਾ, ਮਹਾਂਦੇਵ, ਪ੍ਰਮਾਤਮਾ, ਪ੍ਰਮੇਸ਼ਵਰ ਹੋ ਸਕਦਾ ਹੈ। ਮੁਕਤੀ ਦਾ ਦਰਵਾਜ਼ਾ ਮਨੁੱਖ ਮਾਤਰ ਲਈ ਖੁਲ੍ਹਾ ਹੈ— ਊਚ ਦੇ ਲਈ ਵੀ ਤੇ ਨੀਚ ਦੇ ਲਈ ਵੀ।

"ਕਿਸੇ ਵੀ ਮਨੁੱਖ ਨੂੰ ਜਾਤ-ਪਾਤ ਦੇ ਝੂਠੇ ਭਰਮ ਵਿਚ ਆ ਕੇ ਘਿਰਣਾ ਦੀ ਦ੍ਰਿਸ਼ਟੀ ਨਾਲ ਨਾ ਵੇਖਿਆ ਜਾਵੇ।

ਮਨੁਖ ਕਿਸੇ ਵੀ ਜਾਤ ਦਾ ਹੋਵੇ, ਕਿਸੇ ਦੇਸ਼ ਦਾ ਹੋਵੇ। ਉਹ ਮਨੁੱਖ ਮਾਤਰ ਦਾ ਜਾਤ-ਭਾਈ ਹੈ ਉਸਨੂੰ ਹਰ ਪ੍ਰਕਾਰ ਦਾ ਸੁਖ ਆਰਾਮ ਦੇਣਾ, ਉਸਦਾ ਉਚਿੱਤ ਆਦਰ-ਮਾਨ ਕਰਨਾ, ਹਰ ਮਨੁੱਖ ਦਾ ਮਨੁੱਖਤਾ ਦੇ ਨਾਉਂ ਤੇ ਸਭ ਤੋਂ ਪਹਿਲਾ ਕਰਤੱਵ ਹੈ।"

ਭਗਵਾਨ ਉਪਦੇਸ਼ ਦੇ ਕੇ ਹੀ ਰਹਿ ਗਏ ਹੋਣ, ਇਹ ਗੱਲ ਨਹੀਂ। ਉਹਨਾਂ ਜੋ ਕੁਝ ਕਿਹਾ ਉਸਨੂੰ ਅਮਲ ਵਿਚ ਲਿਆ ਕੇ ਸਮਾਜ ਵਿਚ ਅਦੁਤੀ ਕ੍ਰਾਂਤੀ ਦੀ ਭਾਵਨਾ ਪੈਦਾ ਕੀਤੀ।

ਆਦਰ ਕੁਮਾਰ ਜਿਹੇ ਗੈਰ ਆਰੀਆ ਜਾਤੀ ਦੇ ਯੁਵਕ ਨੂੰ ਵੀ ਉਨ੍ਹਾਂ ਆਪਣੇ ਮੁਨੀ ਸੰਘ ਵਿਚ ਥਾਂ ਦਿਤੀ। ਹਰੀ ਕੇਸ਼ੀ ਜਿਹੇ ਚੰਡਾਲ ਜਾਤ ਦੇ ਗਿਆਨੀਆਂ ਨੂੰ ਉਹੀ ਥਾਂ ਪ੍ਰਦਾਨ ਕੀਤਾ ਜੋ ਕਿ ਉੱਚ ਜਾਤ ਦੇ ਬ੍ਰਾਹਮਣ ਗੌਤਮ ਨੂੰ ਮਿਲਿਆ ਸੀ। ਇੰਨਾਂ ਹੀ ਨਹੀਂ, ਆਪਣੇ ਧਰਮ-ਉਪਦੇਸ਼ਾਂ ਵਿਚ ਹਰੀਜਨ ਸੰਤਾਂ ਦੀ ਪ੍ਰਸ਼ੰਸਾ ਵੀ ਕਰਦੇ ਸਨ। ਪ੍ਰਤੱਖ ਵਿਚ ਜੋ ਕੁਝ ਵੀ ਵਿਸ਼ੇਸ਼ਤਾ ਹੈ ਉਹ ਤਿਆਗ ਵੈਰਾਗ ਆਦਿ ਸਦ-ਗੁਣਾਂ ਦੀ ਹੀ ਹੈ। ਬ੍ਰਾਹਮਣ, ਖਤਰੀ ਆਦਿ ਉਚ ਵਰਨ ਜਾਤਾਂ ਦੀ ਵਿਸ਼ੇਸ਼ਤਾ ਦੇ ਲਈ ਇਥੇ ਕਝ ਥਾਂ ਨਹੀਂ ਹੈ। ਇਨ੍ਹਾਂ ਹੇਠਲੀਆਂ ਸ਼ਰੇਣੀਆਂ ਦੇ ਸੰਤਾਂ ਨੂੰ ਵੇਖੋ, ਅਪਣੇ ਸਦਾਚਾਰ ਦੇ ਬਲ ਤੇ ਕਿੰਨੀ ਉੱਚੀ ਹਾਲਤ ਵਿਚ ਪਹੁੰਚ ਚੁਕੇ ਹਨ। ਅੱਜ ਇਨ੍ਹਾਂ ਦੇ ਚਰਨਾਂ ਵਿਚ ਦੇਵਤੇ ਵੀ ਸਿਰ ਝੁਕਾਂਦੇ ਹਨ।

ਭਗਵਾਨ ਦੀ ਉਪਦੇਸ਼-ਸਭਾ ਵਿਚ ਜਿਸ ਨੂੰ ਜੈਨ ਪਰਿਭਾਸ਼ਾ ਵਿਚ ਸਮੋਸਰਨ ਆਖਦੇ ਹਨ, ਜਾਤ-ਪਾਤ ਸਬੰਧੀ ਊਚ-ਨੀਚ ਲਈ ਕੋਈ ਥਾਂ ਨਹੀਂ ਸੀ। ਕਿਸੇ ਵੀ ਜਾਤੀ ਦਾ ਕੋਈ ਵੀ ਹੋਵੇ, ਆਪਣੀ ਇੱਛਾ ਅਨੁਸਾਰ ਅੱਗੇ-ਪਿੱਛੇ ਕਿਤੇ ਵੀ ਬੈਠ ਸਕਦਾ ਸੀ। ਉਸਨੂੰ ਇੱਧਰ ਉੱਧਰ ਹਟਾ ਦੇਣਾ ਅਤੇ ਦੂਰ-ਦੂਰ ਕਰ ਦੇਣ ਦੀ ਮਨਾਹੀ ਸੀ। ਇਹੋ ਕਾਰਨ ਹੈ ਕਿ ਅਸੀਂ ਭਗਵਾਨ ਦੇ ਸਮੋਸਰਨ ਵਿਚ ਮਹਾਰਾਜਾ ਸ਼੍ਰੇਣੀਕ (ਬਿੰਬਸਾਰ) ਯਾਗੀਕ, ਸੋਮਿਲ ਅਤੇ ਹਰੀ ਕ੍ਰੇਸ਼ ਜਿਹੇ ਚੰਡਾਲ ਆਦਿ ਸਭ ਨੂੰ ਬਿਨਾਂ ਭੇਦ-ਭਾਵ ਦੇ, ਇਕ ਸਕੇ ਭਰਾ ਸਮਾਨ ਇਕ ਜਗ੍ਹਾ ਬੈਠੇ ਵੇਖਦੇ ਹਾਂ। ਪ੍ਰਭੂ ਆਪਦੇ ਵਿਸ਼ਵ ਭਾਈ-ਚਾਰੇ ਦਾ ਕਿੰਨਾਂ ਉੱਚਾ ਆਦਰਸ਼ ਹੈ। ਕਾਸ਼ ! ਅੱਜ ਵੀ ਅਸੀਂ ਇਸ ਨੂੰ ਠੀਕ ਤਰ੍ਹਾਂ ਨਾਲ ਸਮਝ ਸਕੀਏ।

## ❀ ਇਸਤਰੀ ਜੀਵਨ ਦਾ ਸਨਮਾਨ

ਅਭਿਮਾਨੀ ਪੁਰਸ਼ ਵਰਗ ਦੀਆਂ ਠੋਕਰਾਂ ਵਿਚ ਲੰਬੇ ਸਮੇਂ ਅਪਮਾਨਿਤ ਰਹਿਣ ਵਾਲੀ ਨਾਰੀ ਜਾਤੀ ਨੇ ਭਗਵਾਨ ਨੂੰ ਪਾ ਕੇ ਖੜਾ ਹੋਣ ਦੀ ਕੋਸ਼ਿਸ਼ ਕੀਤੀ। ਭਗਵਾਨ ਨੇ ਸਾਮਾਜਿਕ ਤੇ ਧਾਰਮਿਕ ਅਧਿਕਾਰਾਂ ਤੋਂ ਰਹਿਤ ਇਸਤਰੀ ਜਾਤੀ ਨੂੰ ਜਗਾਇਆ ਤੇ ਉਹਨਾਂ ਲਈ ਸੁਤੰਤਰਤਾ ਦਾ ਦਰਵਾਜ਼ਾ ਖੋਲ੍ਹ ਦਿਤਾ।

ਭਗਵਾਨ ਕਿਹਾ ਕਰਦੇ ਸਨ ਕਿ ਧਰਮ ਦਾ ਸਬੰਧ ਆਤਮਾ ਨਾਲ ਹੈ। ਇਸਤਰੀ ਤੇ ਪੁਰਸ਼ ਦੇ ਲਿੰਗ-ਭੇਦ ਦੇ

ਕਾਰਨ ਉਸ ਅਸਲ ਮੁੱਲ ਵਿਚ ਕੋਈ ਫ਼ਰਕ ਨਹੀਂ ਪੈਂਦਾ। ਜਿਸ ਤਰ੍ਹਾਂ ਪੁਰਸ਼-ਧਰਮ ਵਿਚ ਸੁਤੰਤਰ ਹੈ ਉਸ ਪ੍ਰਕਾਰ ਇਸਤਰੀ ਵੀ ਹੈ। ਕਰਮ-ਬੰਧਨਾਂ ਨੂੰ ਕੱਟ ਕੇ ਮੋਖਸ਼ ਪਾਉਣ ਦੇ (ਮੁਕਤੀ) ਦੋਨੋਂ ਸਮਾਨ ਹੱਕਦਾਰ ਹਨ।

ਭਗਵਾਨ ਦੀ ਛਤਰ-ਛਾਇਆ ਹੇਠ ਨਾਰੀ-ਸਮਾਜ ਨੇ ਆਰਾਮ ਨਾਲ ਆਜ਼ਾਦੀ ਦਾ ਸਾਹ ਲਿਆ। ਇਸਤਰੀ ਜਾਤੀ ਦਾ ਇਕ ਆਜ਼ਾਦ ਸਾਧਵੀ ਸੰਘ ਸਥਾਪਿਤ ਹੋਇਆ। ਜਿਸ ਵਿਚ ੩੬੦੦੦ ਸਾਧਵੀਆਂ ਧਰਮ ਦੀ ਉਪਾਸਨਾ ਕਰਦੀਆਂ ਸਨ। ਵਿਸ਼ੇਸ਼ ਵਰਨਣ ਯੋਗ ਗੱਲ ਇਹ ਹੈ ਕਿ ਇਸਦਾ ਸੰਚਾਲਨ ਵੀ ਇਕ ਸਾਧਵੀ ਨੂੰ ਦਿਤਾ ਗਿਆ। ਜਿਸਦਾ ਸ਼ੁਭ ਨਾਉਂ 'ਆਰੀਆ ਚੰਦਨਾ' ਸੀ। ਆਰੀਆ ਚੰਦਨਾ ਦੇ ਗੌਰਵ-ਗਾਨ ਨਾਲ ਅੱਜ ਵੀ ਜੈਨ-ਸਾਹਿੱਤ ਦੀ ਵੀਣਾ ਮਿੱਠੀਆਂ ਤਾਨਾਂ ਅਲਾਪ ਰਹੀ ਹੈ।

ਭਗਵਾਨ ਦੇ ਸਮੋਸਰਨ ਵਿਚ ਇਸਤਰੀਆਂ ਨੇ ਵੀ ਪੁਰਸ਼ਾਂ ਦੇ ਸਮਾਨ ਹੀ ਸੁਤੰਤਰਤਾ ਦੇ ਅਧਿਕਾਰ ਸਨ। ਹਰ ਇਸਤਰੀ ਆ ਸਕਦੀ ਸੀ। ਭਗਵਾਨ ਦੇ ਦਰਸ਼ਨ ਕਰ ਸਕਦੀ ਸੀ। ਸ਼ੰਕਾ-ਸਮਾਧਾਨ ਵਿਚ ਭਾਗ ਲੈ ਸਕਦੀ ਸੀ। ਕੋਈ ਵੀ ਅਜਿਹੀ ਰੁਕਾਵਟ ਨਹੀਂ ਸੀ ਜਿਸ ਨਾਲ ਉਹ ਆਪਣੇ ਮਨ ਵਿਚ ਕੁਝ ਵੀ ਅਪਮਾਨ ਦਾ ਅਨੁਭਵ ਕਰੇ।

ਭਗਵਤੀ-ਸੂਤਰ ਵਿਚ ਜ਼ਿਕਰ ਹੈ, ਕਿ 'ਕੋਸੰਭੀ' ਦੀ, ਰਾਜ ਕੁਮਾਰੀ 'ਜਿਅੰਤੀ' ਭਗਵਾਨ ਤੋਂ ਬੜੇ ਗੰਭੀਰ ਪ੍ਰਸ਼ਨ ਪੁਛਿਆ

ਕਰਦੀ ਸੀ। ਉਹ ਬਹਿਸ ਵੀ ਕਰਦੀ ਸੀ। ਉਸਦੇ ਦਾਰਸ਼ਨਿਕਤਾ ਨਾਲ ਭਰਪੂਰ ਪ੍ਰਸ਼ਨ ਤੇ ਉੱਤਰਾਂ ਦਾ ਪ੍ਰਸੰਗ ਅੱਜ ਵੀ ਭਗਵਤੀ ਵਿਚ ਲਿਖਿਆ ਹੋਇਆ ਹੈ, ਜੋ ਵੱਡੇ-ਵੱਡੇ ਵਿਦਵਾਨਾਂ ਨੂੰ ਸੋਚ ਵਿਚ ਪਾ ਦਿੰਦਾ ਹੈ। ਇਸਤਰੀ-ਜਾਤੀ ਦਾ ਗੌਰਵ ਅਤੇ ਉਸਦੀ ਸੁਤੰਤਰ ਵਿਚਾਰ-ਸ਼ਕਤੀ ਦਾ ਦਰਸ਼ਨ ਅੱਜ ਵੀ ਸਾਨੂੰ ਜੈਨ-ਸਾਹਿੱਤ ਦੇ ਪੰਨੇ ਪਲਟਨ ਤੇ ਮਿਲ ਸਕਦਾ ਹੈ।

### ❀ ਲੋਕ-ਸੇਵਾ ਹੀ ਪ੍ਰਭੂ-ਸੇਵਾ

ਭਗਵਾਨ ਮਹਾਂਵੀਰ ਜੀ ਖੁਸ਼ਕ ਕ੍ਰਿਆ-ਕਾਂਡਾਂ ਦੀ ਥਾਂ ਜੀਵਨ ਉਪਯੋਗੀ ਕੰਮਾਂ ਤੇ ਜ਼ਿਆਦਾ ਜ਼ੋਰ ਦਿੰਦੇ ਸਨ। ਉਹ ਉਸ ਜੀਵਨ ਨੂੰ ਕੋਈ ਮਹੱਤਵ ਨਹੀਂ ਸਨ ਦਿੰਦੇ ਜੋ ਲੋਕ ਸੇਵਾ ਤੋਂ ਦੂਰ ਰਹਿਕੇ ਸਿਰਫ ਭਗਤੀ ਦੇ ਕ੍ਰਿਆ-ਕਾਂਡਾਂ ਵਿਚ ਉਲਝਿਆ ਹੋਵੇ। ਪੁਰਾਣੇ ਆਗਮ-ਸਾਹਿੱਤ ਵਿਚ ਉਨ੍ਹਾਂ ਦੀ ਮਹਾਨ ਸ਼ਖਸੀਅਤ ਦੀ ਜਗ੍ਹਾ-ਜਗ੍ਹਾ ਛਾਪ ਲੱਗੀ ਹੋਈ ਮਾਲੂਮ ਹੁੰਦੀ ਹੈ। ਜ਼ਿਆਦਾ ਵਿਸਥਾਰ ਵਿਚ ਨਾ ਜਾ ਕੇ ਕੇਵਲ ਇਕ ਛੋਟੀ ਜਿਹੀ ਗੱਲਬਾਤ ਲਿਖ ਰਹੇ ਹਾਂ ਜੋ ਗੰਣਧਰ ਗੌਤਮ ਤੇ ਮਹਾਂਵੀਰ ਵਿਚਕਾਰ ਹੋਈ ਸੀ :—

"ਭਗਵਾਨ ਇਕ ਪ੍ਰਸ਼ਨ ਪੁਛਣਾ ਹੈ ?"

"ਜ਼ਰੂਰ।"

"ਭਗਵਾਨ ਦੋ ਆਦਮੀ ਹਨ, ਇਕ ਹਮੇਸ਼ਾ ਆਪਦੀ

ਭਗਤੀ ਵਿਚ ਲੱਗਿਆ ਰਹਿੰਦਾ ਹੈ। ਫਲ-ਸਰੂਪ ਉਹ ਜਨਤਾ ਦੀ ਸੇਵਾ ਲਈ ਸਮਾਂ ਨਹੀਂ ਨਿਕਾਲ ਸਕਦਾ, ਦੂਸਰਾ ਰਾਤ ਦਿਨ ਲੋਕ ਸੇਵਾ ਵਿਚ ਲਗਿਆ ਰਹਿੰਦਾ ਹੈ, ਉਸ ਨੂੰ ਤੁਹਾਡੀ ਭਗਤੀ ਲਈ ਸਮਾਂ ਨਹੀਂ ਮਿਲਦਾ... ... ... ?"

"ਹਾਂ, ਅੱਗੇ......।"

"ਭਗਵਾਨ ਮੈਂ ਪੁਛਦਾ ਹਾਂ, ਇਹਨਾਂ ਦੋਹਾਂ ਵਿਚੋਂ ਕਿਹੜਾ ਮਹਾਨ ਹੈ ? ਅਤੇ ਕਿਹੜਾ ਚੰਗੇ ਫਲ ਦਾ ਅਧਿਕਾਰੀ ਹੈ ?"

"ਗੌਤਮ, ਉਹ, ਜੋ ਲੋਕ-ਸੇਵਾ ਕਰਦਾ ਹੈ ।"

"ਭਗਵਾਨ, ਉਹ ਕਿਸ ਤਰ੍ਹਾਂ ? ਕੀ ਆਪਦੀ ਭਗਤੀ ਕੁਝ ਨਹੀਂ ?"

"ਮੇਰੀ ਭਗਤੀ ਦਾ ਅਰਥ ਇਹ ਨਹੀਂ ਕਿ ਮੇਰਾ ਨਾਂ ਲਿਆ ਜਾਵੇ, ਮੇਰੀ ਪੂਜਾ ਪ੍ਰਸ਼ੰਸਾ ਕੀਤੀ ਜਾਵੇ । ਮੇਰੀ ਭਗਤੀ ਮੇਰੀ ਆਗਿਆ ਪਾਲਨਾ ਹੈ, ਮਨੁੱਖ ਮਾਤਰ ਨੂੰ ਸੁਖ-ਸ਼ਾਂਤੀ ਤੇ ਆਰਾਮ ਪਹੁੰਚਾਣਾ ਹੈ ।"

ਭਗਵਾਨ ਮਹਾਂਵੀਰ ਦਾ ਲੋਕ ਸੇਵਾ ਦੇ ਸਬੰਧ ਵਿਚ ਕੀ ਭਾਵ ਸੀ ? ਇਹ ਇਸ ਤੋਂ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ । ਭਗਵਾਨ ਲੋਕ-ਸੇਵਾ ਨੂੰ ਆਪਣੀ ਸੇਵਾ ਸਮਝਦੇ (ਮੰਨਦੇ) ਸਨ । ਜਿਥੋਂ ਤਕ ਸਾਨੂੰ ਪਤਾ ਹੈ ਸੰਸਾਰ

ਦੇ ਦੂਜੇ ਪੁਰਾਣੇ ਪੁਰਸ਼ਾਂ ਤੋਂ ਭਗਵਾਨ ਮਹਾਂਵੀਰ ਦਾ ਇਹ ਸਭ ਤੋਂ ਪਹਿਲਾ ਮਹਾਨ ਪ੍ਰਕਾਸ਼ ਦੇਣ ਵਾਲਾ ਵਾਕ ਹੈ।

## ❀ ਸੱਚ ਦੇ ਰਾਹੀ

ਭਗਵਾਨ ਨੇ ਆਪਣੇ ਜੀਵਨ ਵਿਚ ਕਦੇ ਕਿਸੇ ਵਿਅਕਤੀ ਦੇ ਦਬਾਉ ਵਿਚ ਆ ਕੇ ਸੱਚ ਦਾ ਅਪਮਾਨ ਨਹੀਂ ਕੀਤਾ। ਚਾਹੇ ਕੋਈ ਬੜਾ ਸਮਰਾਟ ਹੋਵੇ, ਜਾਂ ਕੋਈ ਹੋਰ, ਉਨ੍ਹਾਂ ਬਿਨਾਂ ਸੰਕੋਚ ਠੀਕ ਸੱਚ ਦਾ ਆਸਰਾ ਲਿਆ। ਇਕ ਸੱਚੇ ਮਹਾਂਪੁਰਸ਼ ਵਿਚ ਜੋ ਸਪਸ਼ਟ ਵਾਦਿਤਾ ਹੋਣੀ ਚਾਹੀਦੀ ਹੈ, ਉਹ ਉਨ੍ਹਾਂ ਵਿਚ ਸੌ ਫੀ ਸਦੀ ਸੀ।

ਮਗਧ ਸਮਰਾਟ ਅਜਾਤ ਸ਼ਤਰੂ ਭਗਵਾਨ ਦਾ ਬੜਾ ਹੀ ਕਟੜ ਭਗਤ ਸੀ ਬਿਨਾਂ ਭਗਵਾਨ ਦੇ ਦਰਸ਼ਨ ਕੀਤੇ ਜਾਂ ਖਬਰ ਪ੍ਰਾਪਤ ਕੀਤੇ ਆਖਦੇ ਹਨ, ਉਹ ਪਾਣੀ ਦੀ ਇਕ ਬੂੰਦ ਭੀ ਮੂੰਹ ਵਿਚ ਨਹੀਂ ਪਾਉਂਦਾ ਸੀ। ਪਰ ਉਸਦਾ ਅੰਦਰਲਾ ਜੀਵਨ ਡਿਗਿਆ ਹੋਇਆ ਸੀ।

ਭਗਤੀ ਦੀ ਸਾਫ ਚੱਦਰ ਵਿਚ ਉਸਨੇ ਆਪਣੇ ਦੁਰ-ਭਾਵ ਦੇ ਕਾਲੇ ਦਾਗ ਜਨਤਾ ਤੋਂ ਲੁਕਾਕੇ ਰੱਖੇ ਸਨ। ਪਰ ਵੈਸ਼ਾਲੀ ਦਾ ਪਰਜਾ ਤੰਤਰ ਤੇ ਅਤਿਆਚਾਰ ਪੂਰਣ ਹਮਲਾ ਕਰਨ ਦੇ ਕਾਰਣ ਉਸਦਾ ਖੋਖਲਾ-ਪਨ ਪ੍ਰਗਟ ਹੋ ਚੁਕਾ ਸੀ। ਜਨਤਾ ਦੀਆਂ ਅੱਖਾਂ ਵਿਚ ਉਸਦੀ ਸ਼ਖਸੀਅਤ ਗਿਰ ਚੁਕੀ ਸੀ।

ਆਪਣੀ ਗਿਰਦੀ ਸ਼ਖਸੀਅਤ ਨੂੰ ਉੱਨਤ ਕਰਨ ਲਈ—ਭਗਵਾਨ ਮੈਨੂੰ ਪਰਮਾਤਮਾ, ਸਵਰਗ ਜਾਂ ਮੋਕਸ਼ ਦਾ ਅਧਿਕਾਰੀ ਪ੍ਰਮਾਨਿਤ ਕਰ ਦੇਣ। ਉਸਨੇ ਇਕ ਵਾਰ ਹਜ਼ਾਰਾਂ ਇਸਤਰੀ ਪੁਰਸ਼ਾਂ ਦੀ ਸਭਾ ਵਿਚ ਭਗਵਾਨ ਤੋਂ ਪੁਛਿਆ—

"ਭਗਵਾਨ ! ਮੌਤ ਤਾਂ ਆਵੇਗੀ ਹੀ... ... ...!"

"ਜ਼ਰੂਰ ਆਵੇਗੀ।"

"ਹਾਂ, ਤਾਂ ਮੌਤ ਤੋਂ ਬਾਦ ਭਗਵਾਨ ! ਮੈਂ ਕਿੱਥੇ ਪੈਦਾ ਹੋਵਾਂਗਾ ?"

"ਨਰਕ ਵਿਚ, ਹੋਰ ਕਿੱਥੇ ?"

"ਭਗਵਾਨ, ਨਰਕ !"

"ਹਾਂ ਨਰਕ।"

"ਆਪਦਾ ਭਗਤ ਤੇ ਨਰਕ !" ਹੈਰਾਨੀ ਨਾਲ ਸਮਰਾਟ ਨੇ ਕਿਹਾ।

"ਕੀ ਆਖਿਆ, ਮੇਰਾ ਭਗਤ ?" ਉਸੇ ਤਰ੍ਹਾਂ ਭਗਵਾਨ ਨੇ ਕਿਹਾ।

"ਹਾਂ, ਆਪਦਾ ਭਗਤ।" ਜਵਾਬ ਮਿਲਿਆ।

"ਝੂਠ ਬੋਲਦੇ ਹੋ ਸਮਰਾਟ।" — ਦ੍ਰਿੜ ਨਿਸ਼ਚੇ ਨਾਲ ਭਗਵਾਨ ਬੋਲੇ :—

"ਮੇਰਾ ਭਗਤ ਹੋ ਕੇ ਕੋਈ ਬੇ-ਦੋਸ਼ੀ ਜਨਤਾ ਦਾ ਸੋਸ਼ਨ

ਕਰਦਾ ਹੈ ? ਵਾਸਨਾਵਾਂ ਦਾ ਗੁਲਾਮ ਬਣ ਸਕਦਾ ਹੈ ? ਔਰਤ ਜਾਂ ਹਾਥੀ ਜਿਹੇ ਨਾਸ਼ਵਾਨ ਪਦਾਰਥਾਂ ਲਈ ਲੜਾਈ ਦੇ ਮੈਦਾਨ ਵਿਚ ਕਰੋੜਾਂ ਮਨੁੱਖਾਂ ਦਾ ਖ਼ਾਤਮਾ ਕਰ ਸਕਦਾ ਹੈ ? ਕਦੇ ਨਹੀਂ । ਮੇਰੀ ਭਗਤੀ ਨਹੀਂ, ਆਪਣੇ ਭੈੜੇ ਕਰਮਾਂ ਵਲ ਵੇਖ ! ਜੀਵਨ ਦਾ ਸਦਾਚਾਰੀ ਹੋਣਾ ਹੀ ਮਨੁੱਖ ਨੂੰ ਨਰਕ ਤੋਂ ਬਚਾ ਸਕਦਾ ਹੈ ਹੋਰ ਕੋਈ ਨਹੀਂ । ਭਗਤੀ ਵਿਚ ਅਤੇ ਭਗਤੀ ਦੇ ਢੰਗ ਵਿਚ ਫ਼ਰਕ ਹੈ ਸਮਰਾਟ !"

ਇਸ ਤੇ ਅਜਾਤ ਸ਼ਤਰੂ ਭਗਵਾਨ ਤੋਂ ਬਾਗੀ ਬਣ ਗਿਆ । ਲੇਕਿਨ ਭਗਵਾਨ ਨੂੰ ਇਸ ਤੋਂ ਕੀ ? ਉਹ ਭਗਤਾਂ ਦੀ ਦਿਲਜੋਈ ਕਰਨ ਨੂੰ ਕਦੇ ਅਤਿਆਚਾਰ ਦਾ, ਪਤਿੱਤ-ਜੀਵਨ ਦਾ ਸਮਰਥਨ ਨਹੀਂ ਕਰ ਸਕਦੇ ਸਨ ।

ਆਪਣੇ ਸ੍ਰਮਣ (ਸਾਧੂ) ਚੇਲਿਆਂ ਤੇ ਉਨ੍ਹਾਂ ਦਾ ਸਖ਼ਤ ਅਨੁਸ਼ਾਸਨ ਸੀ । ਗਲਤੀ ਕਰਨ ਵਾਲਾ ਚੇਲਾ ਚਾਹੇ ਕਿੰਨਾਂ ਵੀ ਵੱਡਾ ਹੋਵੇ, ਸੰਘ ਦਾ ਅਧਿਕਾਰੀ ਹੋਵੇ, ਉਹ ਉਸ ਨੂੰ ਅਨੁਸ਼ਾਸਿਤ ਕਰਨਾ ਨਹੀਂ ਭੁਲਦੇ ਸਨ । ਸ੍ਰੀ ਗੌਤਮ ਭਗਵਾਨ ਦੇ ਪ੍ਰਮੁੱਖ ਗੰਣਧਰ ਸਨ । ਇਕ ਤਰ੍ਹਾਂ ਨਾਲ ਉਹ ਹੀ ਸ੍ਰਮਣ ਸੰਘ ਦੇ ਕਰਤਾ-ਧਰਤਾ ਸਨ ।

ਇਕ ਵਾਰ ਦੀ ਗੱਲ ਹੈ ਕਿ ਆਪ 'ਆਨੰਦ' ਨਾਂ ਦੇ ਉਪਾਸਕ ਦੇ ਨਾਲ ਗੱਲ-ਬਾਤ ਕਰਦੇ ਸਮੇਂ ਸ਼ੰਕਾ-ਭਰੇ ਸਿੱਧਾਂਤ ਦੀ ਸਥਾਪਨਾ ਕਰ ਆਏ । ਉਸ ਲਈ ਭਗਵਾਨ ਨੇ ਆਪ ਨੂੰ ਉਲਟੇ ਪੈਰ ਆਨੰਦ ਤੋਂ ਖਿਮਾਂ ਮੰਗਣ ਲਈ ਭੇਜਿਆ ਸੀ ।

੧੪੦੦੦ ਸ਼੍ਰਮਣ-ਸੰਘ ਦਾ ਮਾਲਕ ਇਕ ਗ੍ਰਹਿਸਥ ਤੋਂ ਖ਼ਿਮਾਂ-ਯਾਚਨਾ ਕਰਨ ਲਈ ਉਸ ਦੇ ਦਰ ਤੇ ਜਾਏ ਇਹ ਨਿਆਂ ਦੀ ਨਿਰਪੱਖਤਾ ਦਾ ਕਿੰਨਾਂ ਵੱਡਾ ਆਦਰਸ਼ ਹੈ। ਭਗਵਾਨ ਜਿਹੇ ਕਠੋਰ-ਸੱਚ ਦੇ ਪੱਖ-ਪਾਤੀ ਮਹਾਂਪੁਰਸ਼ ਦੀ ਅਗਵਾਈ ਵਿਚ ਹੀ ਇਸ ਤਰ੍ਹਾਂ ਦੀ ਮਹਾਨ ਇਤਿਹਾਸਿਕ ਘਟਨਾ ਦਾ ਨਿਰਮਾਣ ਹੁੰਦਾ ਹੈ।

## ❀ ਵਿਸ਼ਾਲ ਦ੍ਰਿਸ਼ਟੀ-ਕੋਣ

ਭਗਵਾਨ ਮਹਾਂਵੀਰ ਜੀ ਦੀ ਵਿਚਾਰ-ਧਾਰਾ ਵਿਸ਼ਾਲ ਸੀ। ਉਹ ਤੰਗ-ਦਿਲ, ਫ਼ਿਰਕਾ-ਪ੍ਰਸਤ, ਦਲ-ਬੰਦੀਆਂ ਨੂੰ ਚੰਗਾ ਨਹੀਂ ਸਨ ਸਮਝਦੇ। ਉਸ ਸਮੇਂ ਭਿਆਨਕ ਧਾਰਮਿਕ ਝਗੜੇ ਹੋਇਆ ਕਰਦੇ ਸਨ। ਸਾਧਾਰਣ ਜਿਹੀ ਗੱਲ 'ਤੇ ਸੈਂਕੜੇ ਮਨੁੱਖਾਂ ਦਾ ਖ਼ੂਨ ਵਹਿ ਜਾਂਦਾ ਸੀ। ਭਗਵਾਨ ਨੇ ਉਨ੍ਹਾਂ ਸਭਨਾਂ ਦਾ ਮੇਲ ਕਰਨ ਲਈ—ਆਪਸੀ-ਪ੍ਰੇਮ ਸਥਾਪਿਤ ਕਰਨ ਲਈ ਸਿਆਦ-ਵਾਦ ਦੀ ਖੋਜ ਕੀਤੀ। ਸਿਆਦ-ਵਾਦ ਦਾ ਭਾਵ ਇਹੋ ਹੈ ਕਿ ਹਰ ਧਰਮ ਵਿਚ ਕੁਝ ਨਾ ਕੁਝ ਸਚਾਈ ਦਾ ਅੰਸ਼ ਹੈ। ਸੋ ਸਾਨੂੰ ਵਿਰੋਧ ਵਿਚ ਨਾ ਪੈ ਕੇ ਹਰ ਧਰਮ ਦੀ ਸੱਚਾਈ ਦੇ ਅੰਸ਼ ਦਾ ਆਦਰ ਕਰਨਾ ਚਾਹੀਦਾ ਹੈ ਅਤੇ ਆਪਸੀ-ਪ੍ਰੇਮ ਦੇ ਸਦ-ਭਾਵਨਾ ਦਾ ਵਾਤਾਵਰਣ ਪੈਦਾ ਕਰਨਾ ਚਾਹੀਦਾ ਹੈ।

ਭਗਵਾਨ ਨੇ ਧਰਮ ਦੀ ਪਰਿਭਾਸ਼ਾ ਦੱਸਦੇ ਹੋਏ ਇਹੋ

ਭਾਵ ਪ੍ਰਗਟ ਕਰਦੇ ਹੋਏ, ਆਪ ਨੇ ਕਿਹਾ ਸੀ :—

"ਸੰਸਾਰ ਵਿਚ ਕਲਿਆਣ ਕਰਨ ਵਾਲਾ ਉੱਚਾ ਮੰਗਲ ਇਕ-ਮਾਤਰ ਧਰਮ ਹੈ ਅਤੇ ਉਹ ਧਰਮ ਹੋਰ ਕੁਝ ਨਹੀਂ। ਅਹਿੰਸਾ, ਸੰਜਮ ਤੇ ਤਪ ਦਾ ਸੁਮੇਲ ਹੈ।"

ਪਾਠਕ ਵੇਖ ਸਕਦੇ ਹਨ। ਭਗਵਾਨ ਨੇ ਇਹ ਨਹੀਂ ਕਿਹਾ ਕਿ 'ਜਨ-ਧਰਮ' ਹੀ ਸਰਵ-ਉੱਚ ਮੰਗਲ ਹੈ ਜਾਂ ਜੋ ਕੁਝ ਮੈਂ ਕਿਹਾ ਹੈ, ਉਹੀ ਮੰਗਲ ਹੈ। ਭਗਵਾਨ ਜਾਣਦੇ ਸਨ ਕਿ ਕੋਈ ਵੀ ਸੱਚ-ਖੇਤਰ, ਸਮਾਂ, ਮਨੁੱਖ ਜਾਂ ਨਾਉਂ ਆਦਿ ਦੇ ਬੰਧਨਾਂ ਵਿਚ ਨਹੀਂ ਰਹਿ ਸਕਦਾ। ਸੱਚਾ ਧਰਮ ਅਹਿੰਸਾ ਹੈ ਜਿਸ ਵਿਚ ਜੀਵ ਦਇਆ, ਸੱਚਾ ਪ੍ਰੇਮ ਤੇ ਭਰਾਤਰੀ-ਭਾਵ ਦਾ ਸੁਮੇਲ ਹੈ, ਜਿਸ ਨਾਲ ਮਨ ਤੇ ਇੰਦ੍ਰੀਆਂ ਨੂੰ ਵੱਸ ਵਿਚ ਰੱਖਕੇ ਆਪਣੀ ਆਤਮਾ ਵਿਚ ਰਮਨ (ਘੁੰਮਣ) ਦਾ ਪਾਠ ਪੜ੍ਹਿਆ ਜਾਂਦਾ ਹੈ। ਸੱਚਾ ਧਰਮ ਤਪ ਹੈ, ਜਿਸ ਵਿਚ ਦੂਸਰੇ ਦੀ ਸੇਵਾ, ਆਤਮ-ਚਿੰਤਨ ਤੇ ਗਿਆਨ ਸ਼ਾਮਲ ਹੈ। ਜਦ ਤਿੰਨ ਅੰਗ ਮਿਲਦੇ ਹਨ ਤਾਂ ਧਰਮ ਦੀ ਸਾਧਨਾ ਪੂਰੀ ਅਵਸਥਾ ਤੇ ਪਹੁੰਚ ਜਾਂਦੀ ਹੈ। ਸਾਧਕ ਨੂੰ ਹਮੇਸ਼ਾ ਲਈ ਪਾਪ-ਰੂਪੀ ਕਾਲਖ ਤੋਂ ਛੁੜਾ ਦਿੰਦੀ ਹੈ।

## ❀ ਲੋਕ-ਜਾਗ੍ਰਤੀ

ਜ਼ਿਆਦਾ ਕੀ ਭਗਵਾਨ ਮਹਾਂਵੀਰ ਜੀ ਦਾ ਕੇਵਲ-ਗਿਆਨ (ਬ੍ਰਹਮ-ਗਿਆਨ) ਸਬੰਧੀ ੩੦ ਸਾਲ ਦਾ ਜੀਵਨ

ਬੜਾ ਹੀ ਮਹੱਤਵ-ਪੂਰਣ ਤੇ ਸੰਸਾਰ-ਕਲਿਆਣਕਾਰੀ ਰਿਹਾ ਹੈ। ਜੀਵਨ ਦਾ ਇਕ ਪਲ ਇੱਧਰ-ਉੱਧਰ ਨਾ ਗਵਾ ਕੇ ਸੰਸਾਰ-ਕਲਿਆਣ ਲਈ ਲਗਾਤਾਰ ਕੋਸ਼ਿਸ਼ਾਂ ਕਰਦੇ ਰਹੇ। ਕੀ ਮੱਗਧ ਬਿਹਾਰ ਦਾ ਇਲਾਕਾ), ਕੀ ਬੰਗ (ਬੰਗਾਲ ਤੇ ਬੰਗਲਾ ਦੇਸ਼), ਕੀ ਸਿੰਧ (ਗੁਜਰਾਤ) (ਤੇ ਸਿੰਧ ਦਾ ਅੱਜ ਕਲ ਦਾ ਇਲਾਕਾ), ਆਦਿ ਪ੍ਰਦੇਸ਼ਾਂ ਵਿਚ ਘੁੰਮ-ਘੁੰਮ ਕੇ ਜਨਤਾ ਨੂੰ ਸੱਚ ਦਾ ਸੰਦੇਸ਼ ਸੁਣਾਇਆ। ਉਸ ਨੂੰ ਸੱਚੇ ਰਾਹ ਪਾਇਆ। ਉਸ ਸਮੇਂ ਦੇ ਇਤਿਹਾਸ ਨੂੰ ਵੇਖਣ ਤੇ ਪਤਾ ਚੱਲਦਾ ਹੈ ਕਿ ਮਨੁੱਖੀ-ਸਮਾਜ ਦੀ ਕਾਇਆ ਪਲਟ ਗਈ। ਭਾਰਤ ਦਾ ਜ਼ਿਆਦਾ ਮਨੁੱਖੀ-ਸਮਾਜ ਭੋਗ-ਵਿਲਾਸ ਦੇ ਟੋਇਆਂ ਵਿਚੋਂ ਨਿਕਲਕੇ ਤਿਆਗ, ਵੈਰਾਗ ਦੀ ਉੱਚੀ ਚੋਟੀ ਤੇ ਚੜ੍ਹ ਆਇਆ ਸੀ।

ਮੇਘ ਕੁਮਾਰ, ਨੰਦੀ ਸੇਨ ਜਿਹੇ ਕਰੋੜਾਂ ਦੀ ਸੰਪਤੀ 'ਚ ਖੇਡਣ ਵਾਲੇ ਰਾਜ ਕੁਮਾਰਾਂ ਦੀਆ ਟੋਲੀਆਂ, ਸਾਧੂਆਂ ਵਾਲੇ ਕਪੜੇ ਪਹਿਨਕੇ, ਨੰਗੇ ਸਿਰ ਤੇ ਨੰਗੇ ਪੈਰ, ਹਜ਼ਾਰਾਂ ਕਸ਼ਟਾਂ ਨੂੰ ਝੇਲਦਿਆਂ ਜਦ ਸ਼ਹਿਰ-ਸ਼ਹਿਰ, ਪਿੰਡ-ਪਿੰਡ, ਵਿਚ ਘਰੋ-ਘਰੀ ਘੁੰਮ ਰਹੀਆਂ ਸਨ। ਮਹਾਂਵੀਰ ਦਾ ਪਵਿੱਤਰ ਉਪਦੇਸ਼ ਜਨਤਾ ਨੂੰ ਸੁਣਾ ਰਹੀਆਂ ਸਨ। ਉਸ ਵੇਲੇ ਕਿੰਨਾਂ ਵਧੀਆ ਤੇ ਸੁਹਾਵਣਾ ਦ੍ਰਿਸ਼ ਹੋਵੇਗਾ। ਕਲਪਨਾ ਕਰਦਿਆਂ ਮਨ ਝੂਮ ਪੈਂਦਾ ਹੈ।

ਰੰਗ-ਮਹਿਲਾਂ ਵਿਚ ਜੀਵਨ ਗੁਜ਼ਾਰਨ ਵਾਲੀ ਜਦ ਨੰਦਾ ਤੇ ਕ੍ਰਿਸ਼ਨਾ ਜੇਹੀਆਂ ਹਜ਼ਾਰਾਂ ਮਹਾਰਾਣੀਆਂ ਭਿਕਸ਼ੁਣੀਆਂ

ਬਣਦੀਆਂ ਹੋਣਗੀਆਂ ਤੇ ਜਦ ਉਹ ਤਿਆਗ-ਵੈਰਾਗ ਦੀ ਜਿਉਂਦੀਆਂ-ਜਾਗਦੀਆਂ ਮੂਰਤੀਆਂ ਭਗਵਾਨ ਮਹਾਂਵੀਰ ਜੀ ਦਾ ਪਵਿੱਤਰ ਸੰਦੇਸ਼ ਘਰ-ਘਰ ਸੁਣਾਂਦੀਆਂ ਫ਼ਿਰਦੀਆਂ ਹੋਣਗੀਆਂ ਤਾਂ ਇਹ ਪਾਪੀ ਦੁਨੀਆਂ ਕੀ ਸੋਚਦੀ ਹੋਵੇਗੀ ? ਪੱਥਰ ਤੋਂ ਪੱਥਰ ਦਾ ਹਿਰਦਾ ਵੀ ਪਿਘਲਕੇ ਮੋਮ ਬਣ ਜਾਂਦਾ ਹੋਵੇਗਾ ! ਭਗਵਾਨ ਦੇ ਸੰਸਾਰੀ-ਉਪਕਾਰੀ ਧਰਮ-ਉਪਦੇਸ਼ਾਂ ਦੇ ਅੱਗੇ ਸਾਰੀ ਮਨੁੱਖ-ਜਾਤੀ ਸ਼ਰਧਾ ਦੇ ਨਾਲ ਸਿਰ ਝੁਕਾ ਦਿੰਦੀ ਹੋਵੇਗੀ ।

ਭਗਵਾਨ ਦੇ ਸੰਘ ਵਿਚ ੧੪੦੦੦ ਭਿਕਸ਼ੂ, ੩੬੦੦੦ ਸਾਧਵੀਆਂ, ੧੫੯੦੦੦ ਉਪਾਸਕ (ਸ਼੍ਰਾਵਕ) ਤੇ ੩੧੮੦੦੦ ਉਪਾਸਿਕਾਵਾਂ (ਸ਼੍ਰਾਵਿਕਾਵਾਂ) ਸਨ । ਪ੍ਰਸਿਧ ਵਿਦਵਾਨ ਬਾ: ਮੋ: ਸ਼ਾਹ ਦੇ ਭਾਵਾਂ ਵਿਚ—"ਜਦ ਰੇਲ, ਤਾਰ ਤੇ ਪੋਸਟ ਆਦਿ ਕੁਝ ਵੀ ਪ੍ਰਚਾਰ ਦੇ ਸਾਧਨ ਨਹੀਂ ਸਨ ਤਦ ਛੋਟੇ ਜਿਹੇ ੩੦ ਸਾਲ ਦੇ ਸਮੇਂ ਵਿਚ ਪੈਦਲ ਚਲਕੇ ਜਿਸ ਮਹਾਂ-ਪੁਰਸ਼ ਨੇ ਇੰਨਾਂ ਵਿਸ਼ਾਲ ਪ੍ਰਚਾਰ ਅੱਗੇ ਵਧਾਇਆ ਉਸਦਾ ਉਤ-ਸ਼ਾਹ, ਧੀਰਜ ਸਹਿਨ-ਸ਼ੀਲਤਾ, ਗਿਆਨ, ਵੀਰਜ-ਸ਼ਕਤੀ ਤੇ ਤੇਜ ਕਿੰਨਾਂ ਉੱਚ-ਕੋਟੀ ਦਾ ਹੋਵੇਗਾ ?" ਇਸ ਦਾ ਅਨੁਭਵ ਸਹਿਜ ਹੀ ਕੀਤਾ ਜਾ ਸਕਦਾ ਹੈ । ਉਸ ਸਮੇਂ ਦੀ ਇਤਿਹਾਸਕ ਸਾਮੱਗ੍ਰੀ ਨੂੰ ਚੁਕ ਕੇ ਵੇਖਦੇ ਹਾਂ ਤਾਂ ਚਹੁੰ ਪਾਸੇ ਤਿਆਗ ਤੇ ਵੈਰਾਗ ਦਾ ਸਮੁੰਦਰ ਠਾਠਾਂ ਮਾਰਦਾ ਮਿਲਦਾ ਹੈ ।

### ❋ ਨਿਰਵਾਨ ਪਦ

ਪਾਵਾ ਸਮਰਾਟ ਹਸਤੀਪਾਲ ਦੀ ਬੇਨਤੀ ਤੇ ਭਗਵਾਨ

ਨੇ ਆਖਰੀ ਚੌਮਾਸਾ ਪਾਵਾ ਵਿਚ ਕੀਤਾ। ਧਰਮ ਪ੍ਰਚਾਰ ਕਰਦੇ ਹੋਏ ਕੱਤਕ ਦੀ ਅਮਾਵਸ ਆ ਚੁੱਕੀ ਸੀ। ਸਵਾਤੀ ਨਛੱਤਰ ਦਾ ਯੋਗ ਚੱਲ ਰਿਹਾ ਸੀ। ਭਗਵਾਨ ਸੋਲਾਂ ਪਹਿਰ ਤੋਂ ਆਪਣੀ ਆਖਰੀ ਅਮਾਨਤ ਦੇ ਰੂਪ ਵਿਚ ਧਰਮ-ਉਪਦੇਸ਼ ਕਰ ਰਹੇ ਸਨ। ਨੌ ਮਲੀ ਅਤੇ ਨੌ ਲਿੱਛਵੀ ਇਸ ਤਰ੍ਹਾਂ ਅਠਾਰ੍ਹਾਂ ਗਣ ਰਾਜਾਂ ਦੇ ਮੁਖੀ ਸਮਰਾਟ ਸੇਵਾ ਵਿਚ ਪੌਸ਼ਧ (ਇਕ ਪ੍ਰਕਾਰ ਦਾ ਵਰਤ,ਜਿਸ ਵਿਚ ਸਾਰਾ ਦਿਨ ਤੇ ਰਾਤ ਖਾਣ-ਪੀਣ ਦੀ ਮਨਾਹੀ ਹੁੰਦੀ ਹੈ) ਕਰ ਰਹੇ ਸਨ। ਭਗਵਾਨ ਆਪ ਵੀ ਦੋ ਦਿਨਾਂ ਤੋਂ ਵਰਤੀ ਸਨ। ਸ਼ੁਕਲ (ਪ੍ਰਕਾਸ਼ ਵਾਲਾ) ਧਿਆਨ ਦਵਾਰਾ ਅਵਸ਼ਿਸ਼ਟ (ਬਾਕੀ) ਕਰਮਾਂ ਦਾ ਪਰਦਾ ਹਟਾਕੇ ਸਦਾ ਦੇ ਲਈ ਅਜਰ-ਅਮਰ ਹੋ ਗਏ। ਜੈਨ-ਭਾਸ਼ਾ ਵਿਚ ਨਿਰਵਾਣ ਪਾ ਕੇ ਸਿੱਧ, ਬੁੱਧ ਤੇ ਮੁਕਤ ਹੋ ਗਏ।

ਇਹ ਗਿਆਨ-ਸੂਰਜ ਸਾਡੇ ਤੋਂ ਅੱਡ ਹੋ ਕੇ ਮੁਕਤ-ਲੋਕ ਵਿਚ ਚਲਿਆ ਗਿਆ। ਅੱਜ ਅਸੀਂ ਸਾਮ੍ਹਣੇ ਦਰਸ਼ਨ ਨਹੀਂ ਕਰ ਸਕਦੇ, ਪਰ ਉਨ੍ਹਾਂ ਦੇ ਧਰਮ-ਉਪਦੇਸ਼ ਦਵਾਰਾ ਪ੍ਰਸਾਰਿਤ ਗਿਆਨ-ਕਿਰਨਾਂ ਅਜ ਸਾਡੇ ਸਾਹਮਣੇ ਚਮਕ ਰਹੀਆਂ ਹਨ। ਸਾਡਾ ਫ਼ਰਜ਼ ਹੈ ਕਿ ਅਸੀਂ ਉਸ ਗਿਆਨ-ਕਿਰਨਾਂ ਦੇ ਪ੍ਰਕਾਸ਼ ਵਿਚ ਸਚ ਦੀ ਖੋਜ ਕਰਕੇ ਜੀਵਨ ਸਫਲ ਬਣਾਈਏ।

* * *

# ਗ਼ੁਲਾਮੀ ਤੋਂ ਮੁਕਤ : ਅਪਰਿਗ੍ਰਹਿ

□

### ❀ ਦੁਖਾਂ ਦਾ ਮੂਲ

ਭਗਵਾਨ ਮਹਾਂਵੀਰ ਜੀ ਨੇ ਪਰਿਗ੍ਰਹਿ, ਸੰਗ੍ਰਹਿ-ਵਿਰਤੀ ਅਤੇ ਤ੍ਰਿਸ਼ਨਾਂ ਨੂੰ ਸੰਸਾਰ ਦੇ ਸਾਰੇ ਦੁੱਖ ਕਲੇਸ਼ਾਂ ਦਾ ਮੂਲ ਕਿਹਾ ਹੈ। ਸੰਸਾਰ ਦੇ ਸਾਰੇ ਜੀਵ ਤ੍ਰਿਸ਼ਨਾਂ ਦੇ ਵੱਸ ਹੋ ਕੇ ਅਸ਼ਾਂਤ ਦੇ ਦੁਖੀ ਹੋ ਰਹੇ ਹਨ। ਤ੍ਰਿਸ਼ਨਾਂ, ਜਿਸ ਦਾ ਕਿਤੇ ਅੰਤ ਨਹੀਂ, ਕਿਤੇ ਠਹਿਰਾਉ ਨਹੀਂ, ਜੋ ਅਨੰਤ ਆਕਾਸ਼ ਦੇ ਸਮਾਨ ਬੇਅੰਤ ਹੈ। ਸੰਸਾਰੀ-ਆਤਮਾ ਧਨ, ਪਰਿਵਾਰ ਅਤੇ ਭੌਤਿਕ ਪਦਾਰਥਾਂ ਵਿਚ ਸੁੱਖ, ਸ਼ਾਂਤੀ ਦੀ ਖੋਜ ਕਰਦੇ ਹਨ। ਉਹਨਾਂ ਦੀ ਇਹ ਕੋਸ਼ਿਸ਼ ਬੇਕਾਰ ਅਤੇ ਬੇ-ਅਰਥ ਹੈ ਕਿਉਂਕਿ ਤ੍ਰਿਸ਼ਨਾਂ ਦਾ ਅੰਤ ਕੀਤੇ ਬਿਨਾਂ ਕਦੇ ਸੁੱਖ ਅਤੇ ਸ਼ਾਂਤੀ ਨਹੀਂ ਮਿਲੇਗੀ। ਲਾਭ ਤੋਂ ਲੋਭ ਵਿਚ ਵਾਧਾ ਹੁੰਦਾ ਹੈ। ਪਰਿਗ੍ਰਹਿ ਸੰਗ੍ਰਹਿ, ਇਕੱਠ, ਤ੍ਰਿਸ਼ਨਾਂ, ਇੱਛਾ, ਲਾਲਸਾ ਤੇ ਲਗਾਓ ਦੀ ਭਾਵਨਾ ਤੇ ਮੂਰਛਾ-ਭਾਵ—ਇਹ ਸਭ ਇਕ ਹੀ ਅਰਥ ਵਾਲੇ ਸ਼ਬਦ ਹਨ। ਅੱਗ ਵਿਚ ਘਿਉ ਪਾਉਣ ਨਾਲ ਜਿਵੇਂ ਘੱਟ ਨਾ ਹੋ ਕੇ ਅੱਗ ਜ਼ਿਆਦਾ ਬਲਦੀ ਹੈ ਇੰਝ ਹੀ ਪਰਿਗ੍ਰਹਿ ਤੇ

ਸੰਗ੍ਰਹਿ ਨਾਲ ਤ੍ਰਿਸ਼ਨਾਂ ਦੀ ਅੱਗ ਸ਼ਾਂਤ ਨਾ ਹੋ ਕੇ ਜ਼ਿਆਦਾ ਵਿਸ਼ਾਲ ਹੁੰਦੀ ਜਾਂਦੀ ਹੈ।

### ❀ ਪਰਿਗ੍ਰਹਿ ਦੇ ਮੂਲ ਕੇਂਦਰ

ਸੋਨਾ, ਇਸਤਰੀ, ਪਰਿਗ੍ਰਹਿ ਦੇ ਮੂਲ ਕੇਂਦਰ ਹਨ। ਮੇਰੀ ਸੱਤਾ, ਮੇਰਾ ਪਰੀਵਾਰ, ਮੇਰਾ ਧਨ, ਮੇਰੀ ਸ਼ਕਤੀ, ਇਹ ਭਾਸ਼ਾ, ਇਹ ਬਾਣੀ ਪਰਿਗ੍ਰਹਿ ਵਿਰਤੀ ਤੋਂ ਜਨਮ ਲੈਂਦੀ ਹੈ। ਬੰਧਨ ਕੀ ਹੈ ? ਇਸ ਪ੍ਰਸ਼ਨ ਦੇ ਉੱਤਰ ਵਿਚ ਭਗਵਾਨ ਨੇ ਕਿਹਾ, "ਪਰਿਗ੍ਰਹਿ ਤੇ ਆਰੰਭ।" ਆਰੰਭ ਦਾ, ਹਿੰਸਾ ਦਾ ਜਨਮ ਵੀ ਪਰਿਗ੍ਰਹਿ ਤੋਂ ਹੀ ਹੁੰਦਾ ਹੈ। ਇਸ ਲਈ ਬੰਧਨ ਦਾ ਮੂਲ ਕਾਰਨ ਪਰਿਗ੍ਰਹਿ ਹੀ ਮੰਨਿਆ ਗਿਆ ਹੈ। ਮਨੁੱਖ ਧਨ ਦੀ ਕਮਾਈ ਤੇ ਰੱਖਿਆ ਇਸ ਲਈ ਕਰਦਾ ਹੈ ਕਿ ਇਸ ਨਾਲ ਉਸਦੀ ਆਪਣੀ ਰੱਖਿਆ ਹੋ ਸਕੇਗੀ। ਪਰ ਇਹ ਵਿਚਾਰ ਹੀ ਮਿੱਥਿਆ ਹੈ। ਭਗਵਾਨ ਨੇ ਤਾਂ ਸਪਸ਼ਟ ਕਿਹਾ ਹੈ: 'वित्तेण ताणं न लभे' ਧਨ ਕਦੇ ਕਿਸੇ ਦੀ ਰਖਿਆ ਨਹੀਂ ਕਰ ਸਕਿਆ ਹੈ। ਸੰਪਤੀ ਅਤੇ ਸੱਤਾ ਦਾ ਮੋਹ ਮਨੁੱਖ ਨੂੰ ਗਲਤੀ ਵਿਚ ਪਾ ਦਿੰਦਾ ਹੈ। ਸੰਪਤੀ ਇੱਛਾ ਨੂੰ ਅਤੇ ਸੱਤਾ ਹੰਕਾਰ ਨੂੰ ਜਨਮ ਦੇ ਕੇ ਸੁੱਖ ਦੀ ਜਗ੍ਹਾ ਦੁਖ ਹੀ ਪੈਦਾ ਕਰਦੀ ਹੈ।

### ❀ ਸੁੱਖ ਦਾ ਰਸਤਾ

ਇਛਾ ਅਤੇ ਤ੍ਰਿਸ਼ਨਾ ਤੇ ਜਿਤ ਪਾਉਣ ਲਈ ਭਗਵਾਨ ਨੇ ਕਿਹਾ, "ਇਛਾਵਾਂ ਦਾ ਤਿਆਗ ਕਰ ਦਿਓ। ਸੁੱਖ ਦਾ

ਇਹੋ ਸੱਚਾ ਰਸਤਾ ਹੈ। ਜੇ ਇਛਾਵਾਂ ਦਾ ਪੂਰਨ ਤਿਆਗ ਕਰਨ ਦੀ ਤਾਕਤ ਤੁਹਾਡੇ ਵਿਚ ਨਹੀਂ ਤਾਂ ਇੱਛਾਵਾਂ ਦੀ ਹੱਦ ਨਿਸ਼ਚਿਤ ਕਰ ਲਵੋ। ਇਹ ਵੀ ਸੁੱਖ ਦਾ ਇਕ-ਅੱਧ ਵਿਕਸਿਤ ਰਸਤਾ ਹੈ।" ਸੰਸਾਰ ਵਿਚ ਭੋਗਣ-ਯੋਗ ਵਸਤਾਂ ਬੇਅੰਤ ਹਨ। ਕਿਸ ਕਿਸਦੀ ਇੱਛਾ ਕਰੋਗੇ ? ਕਿਸ-ਕਿਸ ਨੂੰ ਭੋਗੋਗੇ ? ਪੁਦਗਲਾਂ (ਸੜਨ, ਗਲਣ ਵਾਲਾ ਪਦਾਰਥ) ਦਾ ਭੋਗ ਅਨੰਤ-ਕਾਲ ਤੋਂ ਹੋ ਰਿਹਾ ਹੈ। ਕੀ ਸ਼ਾਂਤੀ ਤੇ ਸੁਖ ਮਿਲਿਆ ? ਸੁਖ ਤ੍ਰਿਸ਼ਨਾ ਦੇ ਖਾਤਮੇ ਵਿਚ ਹੈ। ਸੁੱਖ ਇੱਛਾਵਾਂ ਦੇ ਖਾਤਮੇ ਵਿਚ ਹੈ। ਸੁਖੀ ਹੋਣ ਦੇ ਇਸ ਰਸਤੇ ਨੂੰ ਭਗਵਾਨ ਨੇ ਆਪਣੀ ਬਾਣੀ ਵਿਚ ਅਪਰਿਗ੍ਰਹਿ ਤੇ ਇਛਾ ਪਰਿਮਾਣ ਵਰਤ ਕਿਹਾ ਹੈ। ਇਹ ਸਾਧਕ ਦੀ ਸ਼ਕਤੀ ਤੇ ਨਿਰਭਰ ਹੈ, ਕਿ ਉਹ ਕਿਹੜਾ ਰਸਤਾ ਗ੍ਰਹਿਣ ਕਰਦਾ ਹੈ। ਅੰਤਿਮ ਸਿਧਾਂਤ ਤਾਂ ਇਹ ਹੈ ਕਿ ਪਰਿਗ੍ਰਹਿ ਦਾ ਤਿਆਗ ਕਰੋ। ਹੌਲੀ ਹੌਲੀ ਕਰੋ, ਚਾਹੇ ਇਕ ਵਾਰ ਕਰੋ, ਪਰ ਕਰੋ ਜ਼ਰੂਰ।

### ❁ ਪਰਿਗ੍ਰਹਿ : ਮੋਹ ਜਾਲ

ਪਰਿਗ੍ਰਹਿ ਕੀ ਹੈ ? ਇਸ ਪ੍ਰਸ਼ਨ ਤੇ ਭਗਵਾਨ ਨੇ ਆਪਣੇ ਉਪਦੇਸ਼ਾਂ ਵਿਚ ਇਸ ਪ੍ਰਕਾਰ ਕਿਹਾ ਹੈ :-

* ਵਸਤੂ ਆਪਣੇ ਆਪ ਵਿਚ ਪਰਿਗ੍ਰਹਿ ਨਹੀਂ ਹੈ ਜੇ ਉਸਦੇ ਪ੍ਰਤੀ ਮੂਰਛਾ-ਭਾਵ (ਲਗਾਓ) ਆ ਗਿਆ ਤਾਂ

ਉਹ ਪਰਿਗ੍ਰਹਿ ਹੈ ।

* ਜੋ ਮਨੁੱਖ ਆਪ ਸੰਗ੍ਰਹਿ (ਇਕੱਠ) ਕਰਦਾ ਹੈ ਅਤੇ ਦੂਸਰੇ ਤੋਂ ਸੰਗ੍ਰਹਿ ਕਰਵਾਂਦਾ ਹੈ ਜਾਂ ਸੰਗ੍ਰਹਿ ਕਰਣ ਵਾਲੇ ਦੀ ਹਿਮਾਇਤ ਕਰਦਾ ਹੈ । ਉਹ ਕਦੇ ਵੀ ਜਨਮ-ਮਰਨ ਦੇ ਚੱਕਰ ਤੋਂ ਮੁਕਤ ਨਹੀਂ ਹੋ ਸਕੇਗਾ ।

* ਸਸਾਰ ਦੇ ਜੀਵਾਂ ਲਈ ਪਰਿਗ੍ਰਹਿ ਤੋਂ ਵੱਧ ਕੇ ਕੋਈ ਬੰਧਨ, ਰੱਸੀ ਜਾਂ ਜੰਜ਼ੀਰ ਨਹੀਂ ਹੈ ।

* ਧਰਮ ਦੇ ਭਾਵ ਨੂੰ ਸਮਝਣ ਵਾਲੇ ਗਿਆਨੀ ਪੁਰਸ਼, ਦੂਸਰੇ ਭੌਤਿਕ ਸਾਧਨਾਂ ਵਿਚ ਤਾਂ ਕੀ, ਆਪਣੇ ਸ਼ਰੀਰ ਨਾਲ ਲਗਾਓ ਦੀ ਭਾਵਨਾ ਵੀ ਨਹੀਂ ਰੱਖਦੇ ।

* ਧਨ-ਸੰਗ੍ਰਹਿ ਨਾਲ ਦੁੱਖਾਂ ਵਿਚ ਵਾਧਾ ਹੁੰਦਾ ਹੈ। ਧਨ ਮੋਹ ਦੀ ਜੰਜ਼ੀਰ ਹੈ ਤੇ ਉਹ ਡਰ ਨੂੰ ਪੈਦਾ ਕਰਦਾ ਹੈ ।

* ਇੱਛਾਵਾਂ ਆਕਾਸ਼ ਦੀ ਤਰ੍ਹਾਂ ਬੇਅਤ ਹਨ, ਉਨ੍ਹਾਂ ਦਾ ਕਦੇ ਅੰਤ ਨਹੀਂ ਹੁੰਦਾ ।

## * ਸੰਸਾਰ ਦਾ ਕਾਰਣ : ਤ੍ਰਿਸ਼ਨਾ

ਪਰਿਗ੍ਰਹਿ ਕਲੇਸ਼ (ਦੁੱਖਾਂ) ਦਾ ਮੂਲ ਹੈ ਅਤੇ ਅਪਰਿ-ਗ੍ਰਹਿ ਸੁੱਖ ਦਾ ਸਾਧਨ ਹੈ ; ਤ੍ਰਿਸ਼ਨਾ ਸੰਸਾਰ ਦਾ ਕਾਰਣ ਹੈ ਅਤੇ ਸੰਤੋਖ ਮੁਕਤੀ (ਮੋਕਸ਼) ਦਾ । ਇੱਛਾ ਵਧਾਉਣ ਨਾਲ

ਘਬਰਾਹਟ ਤੇ ਬੇਚੈਨੀ ਉਤਪੰਨ ਹੁੰਦੀ ਹੈ ਤੇ ਇਸ ਨੂੰ ਘਟ ਕਰਨ ਨਾਲ ਅਧਿਆਤਮਿਕ ਸੁੱਖ ਮਿਲਦਾ ਹੈ। ਪਰਿਗ੍ਰਹਿ ਪਾਪ ਹੈ ਅਤੇ ਅਪਰਿਗ੍ਰਹਿ ਧਰਮ ਹੈ।

ਭਗਵਾਨ ਮਹਾਂਵੀਰ ਜੀ ਨੇ ਦਸਿਆ ਹੈ ਕਿ ਸੁੱਖ ਪਦਾਰਥਾਂ ਵਿਚ ਨਹੀਂ, ਵਿਚਾਰਾਂ ਵਿਚ ਹੈ। ਸੁੱਖ ਬਾਹਰਲੀ ਚੀਜ਼ ਨਹੀਂ, ਸਗੋਂ ਮਨੁੱਖੀ-ਭਾਵਨਾ ਵਿਚ ਹੀ ਹੈ। ਸ਼ਰੀਰ ਆਤਮਾ ਦੇ ਅਧੀਨ ਹੈ ਜਾਂ ਆਤਮਾ ਸ਼ਰੀਰ ਦੇ ? ਭੌਤਿਕਵਾਦ ਆਖਦਾ ਹੈ — ਸ਼ਰੀਰ ਹੀ ਸਭ ਕੁਝ ਹੈ। ਅਧਿਆਤਮਵਾਦੀ ਕਹਿੰਦਾ ਹੈ ਕਿ ਇਹ ਸ਼ਰੀਰ ਹੀ ਆਤਮਾ ਦੇ ਅਧੀਨ ਹੈ। ਜਦ ਤਕ ਸ਼ਰੀਰ ਹੈ, ਤਦ ਤਕ ਬਾਹਰੀ ਵਸਤਾਂ ਦਾ ਸਦਾ ਲਈ ਤਿਆਗ ਨਹੀਂ ਹੋ ਸਕਦਾ, ਪਰ ਆਪਣੀ ਤ੍ਰਿਸ਼ਨਾ ਤੇ ਪੂਰੀ ਤਰ੍ਹਾਂ ਕਾਬੂ ਪਾਉਣਾ ਚਾਹੀਦਾ ਹੈ। ਬਿਨਾਂ ਇਸ ਦੇ ਅਪਰਿਗ੍ਰਹਿ ਦਾ ਪਾਲਨ ਨਹੀਂ ਹੋ ਸਕਦਾ। ਅਪਰਿਗ੍ਰਹਿਵਾਦ ਦੀ ਸਭ ਤੋਂ ਵੱਡੀ ਮੰਗ ਹੈ—ਇੱਛਾਵਾਂ ਦੀ ਹੱਦ ਨਿਸ਼ਚਿਤ ਕਰਨਾ। ਜੇ ਇੱਛਾਵਾਂ ਦੀ ਹੱਦ ਨਿਸ਼ਚਿਤ ਨਹੀਂ ਹੈ ਤਾਂ ਤ੍ਰਿਸ਼ਨਾ ਦਾ ਅੰਤ ਨਹੀਂ ਹੋ ਸਕਦਾ। ਇਸਦਾ ਅੰਤ ਇਹ ਨਹੀਂ ਕਿ ਸੁੱਖਕਾਰੀ ਵਸਤਾਂ ਜਾਂ ਖਾਣ ਪੀਣ ਦੀਆਂ ਵਸਤੂਆਂ ਦੀ ਵਰਤੋਂ ਨਾ ਕੀਤੀ ਜਾਵੇ। ਕਰੋ, ਪਰ ਸ਼ਰੀਰ ਦੀ ਰੱਖਿਆ ਲਈ, ਸੁੱਖ-ਪ੍ਰਾਪਤੀ ਦੀ ਭਾਵਨਾ ਤੋਂ ਨਹੀਂ, ਉਹ ਵੀ ਨਿਰਲੇਪ ਹੋ ਕੇ।

## ❋ ਅਪਰਿਗ੍ਰਹਿ : ਸੰਸਕ੍ਰਿਤੀ

ਅਪਰਿਗ੍ਰਹਿ ਦਾ ਸਿੱਧਾਂਤ ਸਮਾਜ ਵਿਚ ਸ਼ਾਂਤੀ ਪੈਦਾ

ਕਰਦਾ ਹੈ। ਰਾਸ਼ਟਰ ਵਿਚ ਸਮਾਨਤਾ ਦਾ ਪ੍ਰਚਾਰ ਕਰਦਾ ਹੈ। ਵਿਅੱਕਤੀ ਤੇ ਪਰਿਵਾਰ ਵਿਚ ਅਪਣੱਤ ਦੀ ਭਾਵਨਾ ਪੈਦਾ ਕਰਦਾ ਹੈ। ਪਰਿਗ੍ਰਹਿ ਤੋਂ ਅਪਰਿਗ੍ਰਹਿ ਦੇ ਵਲ ਵੱਧਣਾ—ਇਹ ਧਰਮ ਹੈ, ਸੰਸਕ੍ਰਿਤੀ ਹੈ। ਅਪਰਿਗ੍ਰਹਵਾਦ ਵਿਚ ਸੁੱਖ ਹੈ, ਮੰਗਲ ਹੈ ਤੇ ਸ਼ਾਂਤੀ ਹੈ। ਅਪਰਿਗ੍ਰਹਿਵਾਦ ਅਧਿਕਾਰ ਤੇ ਨਹੀਂ, ਕਰਤੱਵ ਤੇ ਜ਼ੋਰ ਦਿੰਦਾ ਹੈ। ਸ਼ਾਂਤੀ ਤੇ ਸੁੱਖ ਦੇ ਸਾਧਨਾਂ ਵਿਚੋਂ ਅਪਰਿਗ੍ਰਹਿਵਾਦ ਇਕ ਮੁੱਖ ਸਾਧਨ ਹੈ। ਕਿਉਂਕਿ ਇਹ ਮੂਲ ਅਧਿਆਤਮਵਾਦ ਹੋ ਕੇ ਵੀ ਸਮਾਜ ਦੇ ਅਨੁਕੂਲ ਹੈ।

* * *

# ਆਤਮਾ ਦਾ ਸੰਗੀਤ : ਅਹਿੰਸਾ

ਜੈਨ-ਸੰਸਕ੍ਰਿਤੀ ਦੀ ਸੰਸਾਰ ਨੂੰ ਜੋ ਸਭ ਤੋਂ ਵੱਡੀ ਦੇਣ ਹੈ ਉਹ ਅਹਿੰਸਾ ਹੈ । ਅਹਿੰਸਾ ਦਾ ਇਹ ਮਹਾਨ ਵਿਚਾਰ ਜੋ ਅੱਜ ਵਿਸ਼ਵ-ਸ਼ਾਂਤੀ ਦਾ ਸਭ ਤੋਂ ਵੱਡਾ ਸਾਧਨ ਮੰਨਿਆ ਜਾਣ ਲੱਗਾ ਹੈ ਤੇ ਜਿਸਦੀ ਬੇਅੰਤ ਸ਼ਕਤੀ ਦੇ ਸਾਹਮਣੇ ਸੰਸਾਰ ਦੀਆਂ ਸਾਰੀਆਂ ਨਾਸ਼ਵਾਨ-ਸ਼ਕਤੀਆਂ ਨਾਸ਼ ਹੁੰਦੀਆਂ ਦਿਖਾਈ ਦੇਣ ਲੱਗ ਪਈਆਂ ਹਨ ।

ਇਕ ਦਿਨ ਜੈਨ-ਸੰਸਕ੍ਰਿਤੀ ਦੇ ਮਹਾਂਪੁਰਸ਼ਾਂ ਰਾਹੀਂ ਹਿੰਸਾ-ਕਾਂਡ ਵਿਚ ਲੱਗੇ ਪਾਗਲ-ਸੰਸਾਰ ਦੇ ਸਾਹਮਣੇ ਰਖਿਆ ਗਿਆ ਸੀ । ਜੈਨ-ਸੰਸਕ੍ਰਿਤੀ ਦਾ ਮਹਾਨ ਸੰਦੇਸ਼ ਹੈ ਕਿ ਕੋਈ ਵੀ ਮਨੁੱਖ ਸਮਾਜ ਤੋਂ ਅੱਡ ਰਹਿਕੇ ਆਪਣਾ ਵਜੂਦ ਕਾਇਮ ਨਹੀਂ ਰੱਖ ਸਕਦਾ । ਸਮਾਜ ਵਿਚ ਘੁਲ ਮਿਲਕੇ ਹੀ ਉਹ ਆਪਣੇ ਜੀਵਨ ਦਾ ਆਨੰਦ ਮਾਣ ਸਕਦਾ ਹੈ ਤੇ ਆਸ-ਪਾਸ ਦੇ ਹੋਰ ਵੀ ਦੋਸਤਾਂ ਨੂੰ ਉਠਾਉਣ ਦੇ ਯੋਗ ਬਣਾ ਸਕਦਾ ਹੈ । ਜਦ ਇਹ ਨਿਸ਼ਚਿਤ ਹੈ ਕਿ ਆਦਮੀ ਸਮਾਜ ਤੋਂ ਅੱਡ ਨਹੀਂ ਰਹਿ ਸਕਦਾ ਤਾਂ ਇਹ ਵੀ ਜ਼ਰੂਰੀ ਹੈ ਕਿ ਉਹ ਆਪਣੇ

ਦਿਲ ਨੂੰ ਵਿਸ਼ਾਲ ਬਣਾਏ, ਮਹਾਨ ਬਣਾਏ, ਵਿਰਾਟ ਬਣਾਏ ਅਤੇ ਮਿਹਰਵਾਨ ਬਣਾਏ। ਲੋਕਾਂ ਦੇ ਨਾਲ ਰਹੇ, ਕੰਮ ਕਰੇ ਅਤੇ ਉਹਨਾਂ ਦੇ ਦਿਲ ਤੇ ਆਪਣੇ ਵੱਲੋਂ ਪੂਰਾ-ਪੂਰਾ ਵਿਸ਼ਵਾਸ ਪੈਦਾ ਕਰੇ। ਜਦ ਤਕ ਮਨੁੱਖ ਆਪਣੇ ਨਜ਼ਦੀਕੀ-ਸਮਾਜ ਵਿਚ ਆਪਣਾਪਨ ਦਾ ਭਾਵ ਪੈਦਾ ਨਹੀਂ ਕਰੇਗਾ ਅਰਥਾਤ ਜਦ ਤਕ ਦੂਸਰੇ ਲੋਕ ਉਸ ਨੂੰ ਆਪਣਾ ਆਦਮੀ ਨਹੀਂ ਸਮਝਣਗੇ ਤਦ ਤਕ ਸਮਾਜ ਦਾ ਕਲਿਆਣ ਨਹੀਂ ਹੋ ਸਕਦਾ। ਇਕ ਦੂਜੇ ਵਿਚ ਆਪਸੀ-ਅਵਿਸ਼ਵਾਸ ਹੀ ਤਬਾਹੀ ਦਾ ਕਾਰਨ ਬਣਿਆ ਹੋਇਆ ਹੈ।

ਸੰਸਾਰ ਵਿਚ ਚਹੁੰ ਪਾਸੇ ਜੋ ਦੁੱਖਾਂ ਦੀ ਭਰਮਾਰ ਹੈ, ਹਾਹਾਕਾਰ ਹੈ, ਉਹ ਪ੍ਰਕ੍ਰਿਤੀ ਵੱਲੋਂ ਤਾਂ ਬਹੁਤ ਥੋੜ੍ਹਾ ਹੀ ਹੈ ਜੇ ਜ਼ਿਆਦਾ ਅੰਦਰ ਝਾਤੀ ਮਾਰੀਏ, ਤਾਂ ਕੁਦਰਤ ਦੁੱਖ ਦੀ ਬਜਾਏ, ਸਾਡੇ ਸੁੱਖ ਵਿਚ ਹੀ ਕਾਫੀ ਸਹਾਇਕ ਹੈ। ਅਸਲ ਵਿਚ ਜੋ ਉੱਪਰ ਦਾ ਦੁੱਖ ਹੈ ਉਹ ਮਨੁੱਖ ਤੇ ਮਨੁੱਖ ਦਾ ਲੱਦਿਆ ਹੋਇਆ ਹੈ ਜੋ ਹਰ ਇਕ ਮਨੁੱਖ ਆਪਣੇ ਵੱਲੋਂ ਦਿਤੇ ਜਾਣ ਵਾਲੇ ਦੁੱਖ ਹਟਾ ਲਵੇ ਤਾਂ ਇਹ ਸੰਸਾਰ ਹੀ ਨਰਕ ਤੋਂ ਸੁਵਰਗ ਵਿਚ ਬਦਲ ਸਕਦਾ ਹੈ।

### ❀ ਅਮਰ-ਆਦਰਸ਼

ਜੈਨ-ਸੰਸਕ੍ਰਿਤੀ ਦੇ ਮਹਾਨ ਸੰਸਕਾਰਿਕ ਅੰਤਿਮ ਤੀਰਥੰਕਰ (ਧਰਮ-ਸੰਸਥਾਪਕ) ਭਗਵਾਨ ਮਹਾਂਵੀਰ ਜੀ ਨੇ ਤਾਂ

ਦੇਸ਼ਾਂ ਦੇ ਆਪਸੀ-ਜੁੱਧਾਂ ਦਾ ਹਲ ਸਿਰਫ ਅਹਿੰਸਾ ਨੂੰ ਹੀ ਆਖਿਆ ਹੈ । ਉਹਨਾਂ ਦਾ ਆਦਰਸ਼ ਹੈ ਕਿ ਧਰਮ-ਪ੍ਰਚਾਰ ਦੇ ਦਵਾਰਾ ਹੀ ਸੰਸਾਰ ਦੇ ਹਰ ਮਨੁੱਖ ਦੇ ਦਿਲ ਵਿਚ ਇਹ ਗੱਲ ਬਿਠਾ ਦਿਓ ਕਿ ਉਹ ਸਵੈ (ਆਪਣੇ ਆਪ) ਵਿਚ ਹੀ ਸੰਤੁਸ਼ਟ ਰਹੇ, ਪਰ ਦੂਸਰੇ ਵਲ ਆਉਣ ਦੀ ਕੋਸ਼ਿਸ਼ ਨਾ ਕਰੇ। ਦੂਸਰੇ ਵੱਲ ਖਿੱਚ ਦਾ ਅਰਥ ਹੈ—ਦੂਸਰੇ ਦੇ ਸੁੱਖ-ਸਾਧਨ ਨੂੰ ਵੇਖਕੇ ਲਲਚਾਉਣਾ ਤੇ ਉਨ੍ਹਾਂ ਨੂੰ ਖੋਹਣ ਦੀ ਕੋਸ਼ਿਸ਼ ਕਰਨਾ ।

ਹਾਂ, ਤਾਂ, ਜਦ ਤਕ ਨਦੀ ਆਪਣੇ ਕਿਨਾਰੇ ਵਹਿੰਦੀ ਹੈ ਤਦ ਤਕ ਸੰਸਾਰ ਨੂੰ ਲਾਭ ਹੀ ਲਾਭ ਹੈ। ਨੁਕਸਾਨ ਕੁਝ ਨਹੀਂ । ਜਿਉਂ ਹੀ ਆਪਣਾ ਕਿਨਾਰਾ ਪਾਰ ਕਰਕੇ ਆਸ-ਪਾਸ ਦੇ ਪ੍ਰਦੇਸ਼ ਤੇ ਆਪਣਾ ਅਧਿਕਾਰ ਜਮਾ ਲੇਂਦੀ ਹੈ ਤਾਂ ਹੜ੍ਹ ਦਾ ਰੂਪ ਧਾਰਨ ਕਰਦੀ ਹੈ। ਸੰਸਾਰ ਵਿਚ ਹਾਹਾਕਾਰ ਮਚਾ ਦੇਂਦੀ ਹੈ। ਕਿਆਮਤ ਆ ਜਾਂਦੀ ਹੈ। ਜਦ ਤਕ ਸਾਰੇ ਦੇ ਸਾਰੇ ਮਨੁੱਖ ਆਪਣੇ-ਆਪਣੇ ਸਵੈ ਵਿਚ ਹੀ ਵਹਿੰਦੇ ਰਹਿੰਦੇ ਹਨ ਤਦ ਤਕ ਕੁਝ ਅਸ਼ਾਂਤੀ ਨਹੀਂ, ਲੜਾਈ ਨਹੀਂ, ਝਗੜਾ ਨਹੀਂ । ਅਸ਼ਾਂਤੀ ਤੋਂ ਸੰਘਰਸ਼ ਦਾ ਵਾਤਾਵਰਣ ਪੈਦਾ ਹੁੰਦਾ ਹੈ, ਜਿਥੇ ਕਿ ਉਸ ਜਗ੍ਹਾ ਹੀ ਮਨੁੱਖ (ਸਵੈ) ਤੋਂ ਬਾਹਰ ਫੈਲਣਾ ਸ਼ੁਰੂ ਕਰਦਾ ਹੈ, ਦੂਸਰੇ ਦੇ ਅਧਿਕਾਰਾਂ ਨੂੰ ਕੁਚਲਦਾ ਹੈ ਅਤੇ ਦੂਸਰੇ ਦੇ ਜੀਵਨ-ਉਪਯੋਗੀ ਸਾਧਨਾਂ 'ਤੇ ਅਧਿਕਾਰ ਜਮਾਉਂਦਾ ਹੈ ।

ਪੁਰਾਣਾ ਜੈਨ-ਸਾਹਿੱਤ ਉਠਾ ਕੇ ਤੁਸੀਂ ਵੇਖ ਸਕਦੇ ਹੋ

ਕਿ ਭਗਵਾਨ ਮਹਾਂਵੀਰ ਜੀ ਨੇ ਇਸ ਪਾਸੇ ਬੜੀ ਕੋਸ਼ਿਸ਼ ਕੀਤੀ ਹੈ। ਉਹ ਆਪਣੇ ਹਰ ਗ੍ਰਿਸਥੀ ਚੇਲੇ ਨੂੰ ਪੰਜਵੇਂ 'ਅਪਰਿਗ੍ਰਹਿ' ਵਰਤ ਦੀ ਹੱਦ ਸਿੱਖਣ ਵਿਚ ਹਮੇਸ਼ਾ 'ਸਵੈ' ਵਿਚ ਹੀ ਸੀਮਿਤ ਰਹਿਣ ਦੀ ਪਰੇਰਨਾ ਦੇਂਦੇ ਹਨ। ਵਿਉਪਾਰ, ਉਦਯੋਗ ਆਦਿ ਖੇਤਰਾਂ ਵਿਚ ਉਹਨਾਂ ਆਪਣੇ ਉਪਾਸਕਾਂ ਨੂੰ ਨਿਆਂ ਪ੍ਰਾਪਤ ਅਧਿਕਾਰਾਂ ਤੋਂ ਕਦੇ ਵੀ ਅੱਗੇ ਵੱਧਣ ਨਹੀਂ ਦਿਤਾ। ਪ੍ਰਾਪਤ ਅਧਿਕਾਰਾਂ ਤੋਂ ਅੱਗੇ ਵਧਣ ਦਾ ਅਰਥ ਹੈ—ਆਪਣੇ ਦੂਸਰੇ ਮਿਤਰਾਂ ਦੇ ਨਾਲ ਲੜਾਈ ਲਈ ਤਿਆਰ ਹੋਣਾ।

ਜੈਨ ਸੰਸਕ੍ਰਿਤੀ ਦਾ ਸੁਨਹਾ ਹੈ ਕਿ ਹਰ ਮਨੁੱਖ ਆਪਣੀ ਉਚਿੱਤ ਜ਼ਰੂਰਤ ਦੇ ਲਈ, ਉਚਿੱਤ ਸਾਧਨਾਂ ਰਾਹੀਂ, ਉਚਿੱਤ ਕੋਸ਼ਿਸ਼ ਕਰੇ। ਜ਼ਰੂਰਤ ਤੋਂ ਜ਼ਿਆਦਾ ਕਿਸੇ ਸੁੱਖ ਦੀ ਸਾਮੱਗਰੀ ਦਾ ਇਕੱਠਾ ਕਰਨਾ, ਜੈਨ-ਸੰਸਕ੍ਰਿਤੀ ਵਿਚ ਚੋਰੀ ਹੈ। ਵਿਅਕਤੀ, ਸਮਾਜ ਜਾਂ ਦੇਸ਼ ਕਿਉਂ ਲੜਦੇ ਹਨ? ਇਸੇ ਗ਼ਲਤ ਸੰਗ੍ਰਹਿ-ਵਿਰਤੀ ਦੇ ਕਾਰਣ। ਦੂਸਰੇ ਦੇ ਜੀਵਨ ਦੀ, ਜੀਵਨ ਦੇ ਸੁੱਖ-ਸਾਧਨਾਂ ਦੀ ਅਣਦੇਖੀ ਕਰਕੇ ਮਨੁੱਖ ਕਦੇ ਵੀ ਸੁੱਖ-ਸ਼ਾਂਤੀ ਪ੍ਰਾਪਤ ਨਹੀਂ ਕਰ ਸਕਦਾ। ਅਹਿੰਸਾ ਦੇ ਬੀਜ ਅਪਰਿਗ੍ਰਹਿ-ਵਿਰਤੀ ਵਿਚ ਪਾਏ ਜਾ ਸਕਦੇ ਹਨ। ਇਕ ਪ੍ਰਕਾਰ ਨਾਲ ਅਸੀਂ ਆਖ ਸਕਦੇ ਹਾਂ ਕਿ ਅਹਿੰਸਾ ਤੇ ਅਪਰਿਗ੍ਰਹਿ-ਵਿਰਤੀ ਦੋ ਸ਼ਬਦ ਨਹੀਂ ਹਨ ਬਲਕਿ ਇਕੋ ਸ਼ਬਦ ਦੇ ਦੋ ਸਰੂਪ (ਅਰਥ) ਹਨ।

### ❋ ਯੁਧ ਤੇ ਅਹਿੰਸਾ

ਆਤਮ-ਰੱਖਿਆ ਦੇ ਲਈ, ਉਚਿੱਤ ਮੁਕਾਬਲੇ ਲਈ

ਸਾਧਨ ਇਕੱਠੇ ਕਰਨਾ, ਜੈਨ-ਧਰਮ ਦੇ ਵਿਰੋਧ ਨਹੀਂ, ਪਰ ਜ਼ਰੂਰਤ ਤੋਂ ਜ਼ਿਆਦਾ ਸੰਗ੍ਰਹਿ ਜਾਂ ਸੰਗਠਨ-ਸ਼ਕਤੀ, ਜ਼ਰੂਰ ਹੀ ਲੋਕਾਂ ਦੇ ਖਾਤਮੇ ਦਾ ਡਰਾਮਾ ਕਰੇਗੀ। ਅਹਿੰਸਾ ਦਾ ਖਾਤਮਾ ਕਰੇਗੀ। ਇਸ ਲਈ ਤੁਸੀਂ ਹੈਰਾਨ ਨਾ ਹੋਵੋ ਕਿ ਪਿਛਲੇ ਕੁਝ ਸਾਲਾਂ ਤੋਂ ਜੋ ਹਥਿਆਰ ਘੱਟ ਕਰਨ ਦਾ ਅੰਦੋਲਨ ਚੱਲ ਰਿਹਾ ਹੈ ਤੇ ਹਰ ਦੇਸ਼ ਨੂੰ ਹਥਿਆਰ ਘੱਟ ਕਰਨ ਲਈ ਆਖਿਆ ਜਾ ਰਿਹਾ ਹੈ, ਇਹੋ ਜੈਨ-ਤੀਰਥੰਕਰਾਂ ਨੇ ਹਜ਼ਾਰਾਂ ਸਾਲ ਪਹਿਲਾਂ ਚਲਾਇਆ ਸੀ। ਅੱਜ ਜੋ ਕੰਮ ਕਾਨੂੰਨ ਰਾਹੀਂ, ਆਪਣੇ ਵਿਧਾਨ ਦੇ ਰਾਹੀਂ ਲਿਆ ਜਾਂਦਾ ਹੈ ਉਹਨਾਂ ਦਿਨਾਂ ਵਿਚ ਉਹ ਯੁੱਧ ਰਾਹੀਂ ਲਿਆ ਜਾਂਦਾ ਸੀ। ਭਗਵਾਨ ਮਹਾਂਵੀਰ ਜੀ ਨੇ ਵੱਡੇ-ਵੱਡੇ ਰਾਜਿਆਂ ਨੂੰ ਜੈਨ-ਧਰਮ 'ਚ ਸ਼ਾਮਿਲ ਕੀਤਾ ਤੇ ਪ੍ਰਤਿਗਿਆ ਕਰਵਾਈ ਕਿ ਉਹ ਦੇਸ਼-ਰੱਖਿਆ ਦੇ ਕੰਮ ਆਉਣ ਵਾਲੇ ਹਥਿਆਰਾਂ ਤੋਂ ਜ਼ਿਆਦਾ ਹਥਿਆਰ ਇਕੱਠੇ ਨਾ ਕਰਨ। ਸਾਧਨਾਂ ਦੀ ਜ਼ਿਆਦਤੀ ਮਨੁੱਖ ਨੂੰ ਜ਼ਾਲਿਮ ਬਣਾ ਦੇਂਦੀ ਹੈ। ਪ੍ਰਭੁਤਾ ਦੀ ਲਾਲਸਾ ਵਿਚ ਆ ਕੇ ਉਹ ਕਿਸੇ ਨੂੰ ਨੁਕਸਾਨ ਪੁਚਾ ਦੇਵੇਗਾ। ਮਨੁੱਖੀ-ਸੰਸਾਰ ਵਿਚ ਜੰਗ ਦੀ ਅੱਗ ਭੜਕਾ ਦੇਵੇਗਾ। ਇਸ ਦ੍ਰਿਸ਼ਟੀ ਤੋਂ ਜੈਨ-ਤੀਰਥੰਕਰਾਂ ਨੇ ਹਿੰਸਾ ਦੇ ਮੂਲ ਕਾਰਨਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ।

ਜੈਨ-ਤੀਰਥੰਕਰਾਂ ਨੇ ਕਦੇ ਵੀ ਲੜਾਈਆਂ ਦੀ ਹਿਮਾਇਤ ਨਹੀਂ ਕੀਤੀ। ਜਿੱਥੇ ਹੋਰ ਧਰਮ-ਅਚਾਰੀਆ, ਸਮਾਜਵਾਦੀਆਂ ਦੇ ਹੱਥ ਕਠਪੁਤਲੀ ਬਣ ਕੇ ਜੰਗ ਦੀ

ਹਿਮਾਇਤ ਕਰਦੇ ਆਏ ਹਨ। ਲੜਾਈ ਵਿਚ ਮਰਨ ਵਾਲੇ ਨੂੰ ਸੁਵਰਗ ਦਾ ਲਾਲਚ ਵਿਖਾਂਦੇ ਆਏ ਹਨ। ਰਾਜਾ ਨੂੰ ਪ੍ਰਮੇਸ਼ਵਰ ਦਾ ਅੰਸ਼ ਦੱਸਦੇ ਹੋਏ ਉਸ ਲਈ ਸਭ ਕੁਝ ਅਰਪਣ ਕਰਨ ਦਾ ਪ੍ਰਚਾਰ ਕਰਦੇ ਆਏ ਹਨ ਉਥੇ ਜੈਨ-ਤੀਰਥੰਕਰਾਂ ਉਸ ਸਬੰਧੀ ਕਾਫੀ ਕੱਟੜ ਰਹੇ ਹਨ। "ਪ੍ਰਸ਼ਨ ਵਿਆਕਰਣ ਸੂਤਰ ਅਤੇ ਭਗਵਤੀ ਸੂਤਰ" ਯੁੱਧਾਂ ਦੇ ਵਿਰੋਧ ਵਿਚ ਜੇ ਥੋੜ੍ਹਾ ਜਿਹਾ ਕਸ਼ਟ ਨਾਲ ਚੁਕਕੇ ਵੇਖਣ ਦੀ ਖੇਚਲ ਕਰਾਂਗੇ ਤਾਂ ਬਹੁਤ ਕੁਝ ਯੁੱਧ ਸਬੰਧੀ ਪ੍ਰਚਾਰ ਪ੍ਰਾਪਤ ਕਰ ਸਕਾਂਗੇ। ਤੁਸੀਂ ਜਾਣਦੇ ਹੋ ਕਿ ਮਗਧ ਦਾ ਰਾਜਾ ਅਜਾਤ-ਸ਼ਤਰੂ (ਕੁਣੀਕ) ਭਗਵਾਨ ਮਹਾਂਵੀਰ ਜੀ ਦਾ ਕਿੰਨਾਂ ਵੱਡਾ ਭਗਤ ਸੀ ! 'ਔਪਪਾਤਿਕ-ਸੂਤਰ' ਉਸਦੀ ਭਗਤੀ ਦੇ ਚਿੱਤਰ ਨੂੰ ਇਸ ਹੱਦ ਤਕ ਪਹੁੰਚਾ ਦਿਤਾ ਗਿਆ ਹੈ। ਹਰ ਰੋਜ਼ ਭਗਵਾਨ ਦੀ ਕੁਸ਼ਲਤਾ ਪ੍ਰਾਪਤ ਕੀਤੇ ਬਿਨਾ ਅੰਨ-ਜਲ ਗ੍ਰਹਿਣ ਨਹੀਂ ਕਰਨਾ" ਕਿੰਨਾਂ ਕਠੋਰ ਨਿਯਮ ਹੈ ? ਪਰ ਵੈਸ਼ਾਲੀ ਵਿਚ ਕੁਣੀਕ ਰਾਹੀਂ ਕੀਤੇ ਹਮਲੇ ਦਾ ਭਗਵਾਨ ਨੇ ਬਿਲਕੁਲ ਸਮਰਥਨ ਨਹੀਂ ਕੀਤਾ। ਬਲਕਿ ਨਰਕ ਦਾ ਅਧਿਕਾਰੀ ਦਸ ਕੇ ਉਸਦੇ ਪਾਪਾਂ ਦਾ ਭਾਂਡਾ ਚੁਰਾਹੇ ਵਿਚ ਭੰਨ ਦਿਤਾ। ਅਜਾਤ ਸ਼ਤਰੂ ਇਸ ਗੱਲੋਂ ਨਾਰਾਜ਼ ਹੋ ਜਾਂਦਾ ਹੈ, ਪਰ ਭਗਵਾਨ ਇਸ ਗੱਲ ਦੀ ਕੁਝ ਪਰਵਾਹ ਨਹੀਂ ਕਰਦੇ। ਭਲਾਂ, ਪੂਰੇ ਅਹਿੰਸਾ ਦੇ ਅਵਤਾਰ ਭੈੜੇ, ਕਤਲੇ-ਆਮ ਦਾ ਸਮਰਥਨ ਕਿਵੇਂ ਕਰ ਸਕਦੇ ਹਨ ?

## ❀ ਜੀਉ ਅਤੇ ਜਿਉਣ ਦਿਉ !

ਜੈਨ-ਤੀਰਥੰਕਰਾਂ ਦੀ ਅਹਿੰਸਾ ਦਾ ਭਾਵ ਅਜ ਕਲ ਦੀ ਨਿਸ਼ਕ੍ਰਿਆ ਨਹੀਂ ਸੀ। ਉਹ ਅਹਿੰਸਾ ਦਾ ਅਰਥ ਪਰੇਮ, ਪਰ-ਉਪਕਾਰ, ਵਿਸ਼ਵ-ਭਾਈਚਾਰਾ ਦਸਦੇ ਸਨ। ਆਪ ਆਨੰਦ ਨਾਲ 'ਜਿਉ ਤੇ ਦੂਸਰੇ ਨੂੰ ਜਿਉਣ ਦਿਉ।' ਜੈਨ-ਤੀਰਥੰਕਰਾਂ ਦਾ ਆਦਰਸ਼ ਇੱਥੋਂ ਤਕ ਹੀ ਸੀਮਿਤ ਨਹੀਂ ਸੀ। ਉਹਨਾਂ ਦਾ ਆਦਰਸ਼ ਸੀ, ਦੂਸਰੇ ਦੇ ਜਿਉਣ ਵਿਚ ਮਦਦ ਵੀ ਕਰੋ। ਮੌਕੇ ਤੇ ਦੂਸਰੇ ਦੇ ਜੀਵਨ ਦੀ ਰੱਖਿਆ ਲਈ ਆਪਣੀ ਜ਼ਿੰਦਗੀ ਦੀ ਕੁਰਬਾਨੀ ਦੇਵੋ। ਉਹ ਉਸ ਜੀਵਨ ਨੂੰ ਕੋਈ ਮਹੱਤਵ ਨਹੀਂ ਸਨ ਦਿੰਦੇ ਜੋ ਸੇਵਾ ਦੇ ਰਾਹ ਤੋਂ ਦੂਰ ਰਹਿ ਕੇ ਇਕ ਮਾਤਰ ਭਗਤੀਵਾਦ ਦੇ ਵਿਅਰਥ ਕ੍ਰਿਆ-ਕਾਂਡਾਂ ਵਿਚ ਉਲਝਿਆ ਰਹੇ।

ਭਗਵਾਨ ਮਹਾਂਵੀਰ ਜੀ ਨੇ ਇਕ ਵਾਰ ਇਥੋਂ ਤਕ ਕਿਹਾ ਕਿ—ਮੇਰੀ ਸੇਵਾ ਕਰਨ ਦੀ ਬਜਾਏ ਦੀਨ-ਦੁਖੀਆਂ ਦੀ ਸੇਵਾ ਕਰਨਾ ਜ਼ਿਆਦਾ ਲਾਭਕਾਰੀ ਹੈ। ਉਹ ਮੇਰਾ ਭਗਤ ਨਹੀਂ ਜੋ ਮੇਰੀ ਭਗਤੀ ਕਰਦਾ ਹੈ, ਮਾਲਾ ਫੇਰਦਾ ਹੈ। ਮੇਰਾ ਸੱਚਾ ਭਗਤ ਉਹ ਹੈ ਜੋ ਮੇਰੀ ਆਗਿਆ ਦਾ ਪਾਲਨ ਕਰਦਾ ਹੈ। ਮੇਰਾ ਹੁਕਮ ਹੈ ਜੀਵਾਂ ਨੂੰ ਸੁੱਖ ਤੇ ਆਰਾਮ ਪਹੁੰਚਾਉਣਾ। ਭਗਵਾਨ ਮਹਾਂਵੀਰ ਜੀ ਦਾ ਇਹ ਪ੍ਰਕਾਸ਼ਮਈ ਸੰਦੇਸ਼ ਅੱਜ ਵੀ ਸਾਡੀਆਂ ਅੱਖਾਂ ਸਾਹਮਣੇ ਹੈ ਜੇ ਅਸੀਂ ਥੋੜੀ ਬਹੁਤ ਕੋਸ਼ਿਸ਼ ਕਰੀਏ ਤਾਂ ਹੀ ਉਪਰਲੇ ਸੁਨੇਹੇ

ਦੇ ਸੂਖਮ ਬੀਜ ਉੱਤ੍ਰਾਧਿਅਨ ਸੂਤਰ ਦੀ (ਸਰਵਾਰਥ ਸਿੱਧੀ ਵਿਰਤੀ) ਵਿਚ ਵੇਖ ਸਕਦੇ ਹਾਂ।

### ❀ ਅੰਮ੍ਰਿਤ-ਭਰਪੂਰ ਸੰਦੇਸ਼ : 'ਅਹਿੰਸਾ'

ਅਹਿੰਸਾ ਦੇ ਮਹਾਨ ਦੂਤ ਭਗਵਾਨ ਮਹਾਂਵੀਰ ਜੀ ਹਨ। ਤੁਹਾਨੂੰ ਪਤਾ ਹੈ ਕਿ ਅੱਜ ਤੋਂ ੨੫੦੦ ਸਾਲ ਪਹਿਲਾਂ ਦਾ ਸਮਾਂ ਭਾਰਤੀ-ਸੰਸਕ੍ਰਿਤੀ ਦੇ ਇਤਿਹਾਸ ਦਾ ਹਨੇਰ-ਪੂਰਣ ਸਮਾਂ ਸੀ। ਦੇਵੀ ਦੇਵਤਿਆਂ ਦੇ ਅੱਗੇ ਪਸ਼ੂ-ਬਲੀ ਦੇ ਨਾਉਂ ਤੇ ਖੂਨ ਵਹਾਇਆ ਜਾਂਦਾ ਸੀ। ਮਾਸਾ-ਆਹਾਰੀ ਤੇ ਸ਼ਰਾਬ ਦਾ ਦੌਰ ਚਲਦਾ ਸੀ। ਛੂਆ-ਛੂਤ ਦੇ ਨਾਉਂ ਤੇ ਕਰੋੜਾਂ ਦੀ ਗਿਣਤੀ ਵਿਚ ਮਨੁੱਖ ਅਤਿਆਚਾਰ ਦੀ ਚੱਕੀ ਵਿਚ ਪਿਸ ਰਹੇ ਸਨ। ਇਸਤਰੀ ਨੂੰ ਵੀ ਮਨੁੱਖੀ ਅਧਿਕਾਰਾਂ ਤੋਂ ਵਾਂਝੇ ਰਖਿਆ ਗਿਆ ਸੀ। ਇਕ ਪਾਸੇ ਕੀ ? ਅਨੇਕ ਪਾਸੇ, ਅਨੇਕ ਰੂਪਾਂ ਵਿਚ ਹਿੰਸਾ ਦਾ ਘਾਤਕ-ਸਾਮਰਾਜ ਸੀ। ਭਗਵਾਨ ਮਹਾਂਵੀਰ ਜੀ ਨੇ ਉਸ ਵੇਲੇ ਅਹਿੰਸਾ ਦਾ ਅੰਮ੍ਰਿਤ-ਭਰਿਆ ਸੁਨੇਹਾ ਦਿਤਾ। ਜਿਸ ਨਾਲ ਭਾਰਤ ਦੀ ਕਾਇਆ ਪਲਟ ਗਈ। ਮਨੁੱਖ ਰਾਖਸ਼ਸੀ-ਭਾਵਾਂ ਤੋਂ ਹਟ ਕੇ ਮਨੁੱਖਤਾ ਦੀ ਹੱਦ ਵਿਚ ਦਾਖਲ ਹੋ ਗਿਆ। ਕੀ ਮਨੁੱਖ, ਕੀ ਪਸ਼ੂ, ਸਭ ਦੇ ਪ੍ਰਤੀ ਉਸ ਦੇ ਦਿਲ ਵਿਚ ਪਰੇਮ ਪੈਦਾ ਹੋ ਗਿਆ। ਅਹਿੰਸਾ ਦੇ ਸੁਨੇਹੇ ਨੇ ਸਾਰੇ ਮਨੁੱਖੀ-ਸੁਧਾਰਾਂ ਦੇ ਮਹਿਲ ਖੜੇ ਕਰ ਦਿਤੇ। ਬਦ-ਕਿਸਮਤੀ ਨਾਲ ਉਹ ਮਹਿਲ ਅੱਜ ਡਿੱਗ ਰਹੇ ਹਨ। ਜਲ, ਥਲ ਅਤੇ ਆਕਾਸ਼ ਖੂਨ ਨਾਲ ਰੰਗੇ ਜਾ

ਚੁਕੇ ਹਨ ਅਤੇ ਭਵਿਖ ਲਈ ਇਸ ਨੂੰ ਰੰਗਣ ਦੀਆਂ ਵਿਸ਼ਵ-ਤਿਆਰੀਆਂ ਹੋ ਰਹੀਆਂ ਹਨ। ਤੀਸਰੇ ਮਹਾਂ-ਯੁੱਧ ਦਾ ਭੈੜਾ ਸੁਪਨਾ ਵੇਖਣਾ ਅਜੇ ਤਕ ਬੰਦ ਨਹੀਂ ਹੋਇਆ। ਪ੍ਰਮਾਣੂ ਬੰਬ ਦੀ ਖੋਜ ਬਾਰੇ ਸਭ ਦੇਸ਼ਾਂ ਵਿਚਕਾਰ ਦੌੜ ਲੱਗੀ ਹੋਈ ਹੈ। ਜ਼ਰੂਰਤ ਹੈ, ਅੱਜ ਫਿਰ ਜੈਨ-ਤੀਰਥੰਕਰਾਂ ਦੇ, ਭਗਵਾਨ ਮਹਾਵੀਰ ਜੀ ਦੇ, ਜੈਨ-ਆਚਾਰੀਆਂ ਦੇ, 'ਅਹਿੰਸਾ ਪਰਮੋ ਧਰਮ' ਦੀ। ਮਨੁੱਖ-ਜਾਤੀ ਦੇ ਪੱਕੇ ਸੁੱਖਾਂ ਦੇ ਸੁਪਨੇ, ਇਕ ਮਾਤਰ ਅਹਿੰਸਾ ਹੀ ਪੂਰਿਆਂ ਕਰ ਸਕਦੀ ਹੈ ਅਤੇ ਕੋਈ ਦੂਸਰਾ ਨਹੀਂ। 'ग्रहिंसा भूताना जगति, विदितं ब्रह्म परमम्:'।

# ਜੈਨ-ਦਰਸ਼ਨ ਦੀ ਮੁਖ ਆਵਾਜ : ਅਨੇਕਾਂਤ

ਅਨੇਕਾਂਤਵਾਦ ਜੈਨ-ਦਰਸ਼ਨ ਦੀ ਆਧਾਰ-ਸ਼ਿਲਾ ਹੈ। ਜੈਨ-ਤਤਵ-ਗਿਆਨ ਦੀ ਸਾਡੀ ਇਮਾਰਤ ਇਸੇ ਅਨੇਕਾਂਤਵਾਦ ਦੇ ਸਿਧਾਂਤ ਤੇ ਅਧਾਰਿਤ ਹੈ। ਅਸਲ ਵਿੱਚ ਅਨੇਕਾਂਤਵਾਦ ਦੇ ਸਿਧਾਂਤ ਨੂੰ ਜੈਨ ਦਰਸ਼ਨ ਦਾ ਪ੍ਰਾਣ ਸਮਝਨਾ ਚਾਹੀਦਾ ਹੈ। ਜੈਨ ਧਰਮ ਵਿੱਚ ਜਦ ਵੀ ਕੋਈ ਗੱਲ ਆਖੀ ਗਈ ਹੈ ਉਹ ਸਿਆਦਵਾਦ ਦੀ ਸੱਚੀ ਕਸੌਟੀ ਤੇ ਚੰਗੀ ਤਰ੍ਹਾਂ ਪਰਖ

ਕੇ ਆਖੀ ਗਈ ਹੈ। ਇਹੋ ਕਾਰਨ ਹੈ ਦਾਰਸ਼ਨਿਕ ਸਾਹਿਤ ਵਿਚ ਜੈਨ ਦਰਸ਼ਨ ਦਾ ਦੂਸਰਾ ਨਾਂ ਅਨੇਕਾਂਤ ਦਰਸ਼ਨ ਵੀ ਹੈ।

ਅਨੇਕਾਂਤ ਦਾ ਅਰਥ ਹੈ—ਹਰ ਵਸਤੂ ਦਾ ਭਿੰਨ ਭਿੰਨ ਦ੍ਰਿਸ਼ਟੀਕੋਣ ਤੋਂ ਵਿਚਾਰ ਕਰਨਾ ਦੇਖਣਾ, ਜਾਂ ਆਖਣਾ। ਅਨੇਕਾਂਤ-ਵਾਦ ਜੇ ਇਕ ਹੀ ਅਰਥ ਸਮਝਣਾ ਹੋਵੇ ਤਾਂ ਉਸਨੂੰ "ਆਪੇਕ-ਸ਼ਵਾਦ" ਆਖ ਸਕਦੇ ਹਾਂ। ਜੈਨ ਧਰਮ ਵਿੱਚ ਹਮੇਸ਼ਾ ਇਕ ਹੀ ਨਜ਼ਰ ਤੋਂ ਪਦਾਰਥ ਦੀ ਜਾਂਚ ਪੜਤਾਲ ਦੇ ਢੰਗ ਨੂੰ ਅਪੂਰਣ ਅਪ੍ਰਮਾਣਿਕ ਸਮਝਿਆ ਜਾਂਦਾ ਹੈ ਅਤੇ ਇਕ ਵਸਤੂ ਦੇ ਭਿਨ ਭਿੰਨ ਨਜਰਾਂ ਤੋਂ ਭਿੰਨ ਭਿੰਨ ਧਰਮਾਂ (ਸੁਭਾਵਾਂ) ਤੋਂ ਆਖਣ ਦੀ ਪ੍ਰਨਾਲੀ ਨੂੰ ਪੂਰਨ ਤੇ ਪ੍ਰਮਾਣਿਕ ਮਨਿਆ ਗਿਆ ਹੈ। ਇਹੋ ਪ੍ਰਣਾਲੀ ਹੀ ਅਨੇਕਾਂਤਵਾਦ ਹੈ। ਅਨੇਕਾਂਤਵਾਦ ਦੇ ਹੀ :—ਆਪੇਕਸ਼ਵਾਦ, ਕੰਥਚਿਤਵਾਦ, ਸਿਆਦਵਾਦ ਆਦਿ ਰੁਪਾਂਤਕ ਸ਼ਬਦ ਹਨ।

ਜੈਨ ਧਰਮ ਦੀ ਮਾਨਤਾ ਹੈ ਕਿ ਹਰ ਪਦਾਰਥ ਚਾਹੇ ਉਹ ਥੋੜਾ, ਮਿੱਟੀ ਦਾ ਕਣ ਵੀ ਕਿਉਂ ਨਾ ਹੋਵੇ, ਚਾਹੇ ਬੜਾ ਹਿਮਾਲਿਆ ਅਨੰਤ ਸੁਭਾਵਾਂ (ਧਰਮਾਂ) ਦਾ ਸਮੂਹ ਹੈ, ਧਰਮ ਦਾ ਅਰਥ ਗੁਣ ਤੇ ਵਿਸ਼ੇਸ਼ਤਾ ਹੈ। ਉਦਾਹਰਨ ਲਈ ਤੁਸੀਂ ਫਲ ਨੂੰ ਲੈ ਸਕਦੇ ਹੋ। ਫਲ ਵਿੱਚ ਰੂਪ ਵੀ ਹੈ, ਗੰਧ ਵੀ ਹੈ, ਸਪਰਸ਼ ਵੀ ਹੈ, ਆਕਾਰ ਵੀ ਹੈ ਅਤੇ ਭੁੱਖ ਖਤਮ ਕਰਣ ਦੀ ਸ਼ਕਤੀ ਵੀ ਹੈ। ਬਹੁਤ ਸਾਰੇ ਰੋਗ ਖਤਮ ਕਰਣ ਦੀ ਤਾਕਤ ਵੀ ਹੈ। ਕਿਥੋਂ ਤਕ ਗਿਣਾਇਏ ? ਸਾਡੀ ਅਕਲ ਬਹੁਤ ਸੀਮਿਤ ਹੈ ਇਸ ਲਈ ਅਸੀਂ ਸਾਰੇ ਧਰਮਾਂ ਨੂੰ ਬਿਨਾਂ ਕੇਵਲ

(ਬ੍ਰਹਮ) ਗਿਆਨ ਹੋਇਆ ਨਹੀਂ ਜਾਣ ਸਕਦੇ । ਪਰ ਸਪਸ਼ਟ ਤੇ ਵਿਖਾਈ ਦੇਣ ਵਾਲੇ ਧਰਮ ਜਾਣ ਸਕਦੇ ਹਾਂ।

### ❀ 'ਹੀ' ਤੇ 'ਵੀ'

ਹਾਂ, ਤਾਂ, ਪਦਾਰਥ ਦੇ ਕੇਵਲ ਇਕ ਪੱਖ ਨੂੰ ਕੇਵਲ ਇਕ ਧਰਮ ਨੂੰ ਜਾਣਨ ਦੀ ਜਾਂ ਆਖਣ ਦੀ ਕੋਸ਼ਿਸ਼ ਨਾ ਕਰੋ। ਹਰ ਪਦਾਰਥ ਨੂੰ ਅੱਡ ਅੱਡ ਪਖੋਂ ਵੇਖੋ ਤੇ ਆਖੋ। ਇਸ ਦਾ ਨਾਮ ਹੀ ਸਿਆਦਵਾਦ ਹੈ । ਸਿਆਦਵਾਦ ਸਾਡੇ ਦ੍ਰਿਸ਼ਟੀਕੋਣ ਨੂੰ ਵਿਸ਼ਾਲਤਾ ਪ੍ਰਦਾਨ ਕਰਦਾ ਹੈ। ਸਾਡੀ ਵਿਚਾਰਧਾਰਾ ਦੀ ਪੂਰਤੀ ਕਰਦਾ ਹੈ।

ਫਲ ਦੇ ਬਾਰੇ ਜਦ ਅਸੀਂ ਆਖਦੇ ਹਾਂ ਕਿ ਫਲ ਦਾ ਰੂਪ ਵੀ ਹੈ, ਰਸ ਵੀ ਗੰਧ ਵੀ ਹੈ, ਸਪਰਸ ਵੀ ਹੈ, ਆਦਿ ਤਕ ਅਸੀਂ ਅਨੇਕਾਂਤਵਾਦ ਦਾ ਪ੍ਰਯੋਗ ਕਰਦੇ ਹਾਂ ਅਤੇ ਫਲ ਨੂੰ ਠੀਕ ਪਛਾਨਦੇ ਹਾਂ । ਇਸ ਦੇ ਉਲਟ ਜਦੋਂ ਅਸੀਂ ਇਕਾਂਤ ਹੱਠ ਵਿਚ ਆਕੇ ਇਹ ਆਖਦੇ ਹਾਂ। ਫਲ ਵਿਚ ਕੇਵਲ ਰੂਪ ਹੀ ਹੈ, ਰਸ ਹੀ ਹੈ, ਗੰਧ ਹੀ ਹੈ, ਸਪਰਸ਼ ਹੀ ਹੈ। ਤਾਂ ਅਸੀਂ ਮਿਥਿਆ ਸਿਧਾਂਤ ਦੀ ਵਰਤੋਂ ਕਰਦੇ ਹਾਂ। 'ਵੀ' ਵਿਚ ਦੂਸਰੇ ਧਰਮਾਂ "ਗੁਣਾਂ" ਦੀ ਮੰਜ਼ੂਰੀ ਛਿਪੀ ਹੋਈ ਹੈ ਜਦ ਕਿ "ਹੀ" ਵਿੱਚ ਦੂਸਰੇ "ਗੁਣਾਂ" ਤੋਂ ਇਨਕਾਰ ਹੈ। ਰੂਪ ਵੀ ਹੈ, ਇਸ ਦਾ ਅਰਥ ਹੈ ਕਿ ਫਲ ਵਿਚ ਰਪ ਵੀ ਹੈ ਤੇ ਦੂਸਰੇ ਰਸ ਆਦਿ ਗੁਣ ਵੀ ਹਨ ਤੇ

ਰੂਪ ਹੀ ਹੈ। ਇਸ ਦਾ ਅਰਥ ਹੈ ਕਿ ਫਲ ਵਿਚ ਰੂਪ ਹੀ ਹੈ ਦੂਸਰੇ ਰਸ ਆਦਿ ਗੁਣ ਕੋਈ ਨਹੀਂ। ਇਹ 'ਵੀ ਤੇ' ਹੀ ਦਾ ਅੰਤਰ ਸਿਆਦਵਾਦ ਤੇ ਮਿਥਿਆਵਾਦ ਹੈ ਵੀ ਸਿਆਦਵਾਦ ਤੇ ਹੀ ਮਿਥਿਆਵਾਦ।

ਇਕ ਆਦਮੀ ਬਜਾਰ ਵਿਚ ਖੜਾ ਹੈ। ਇਕ ਪਾਸੇ ਤੋਂ ਇਕ ਮੁੰਡਾ ਆਇਆ। ਉਸ ਨੇ ਕਿਹਾ—"ਪਿਤਾ ਜੀ" ਦੂਸਰੇ ਪਾਸੇ ਤੋਂ ਇਕ ਬੁੱਢਾ ਆਇਆ ਉਸਨੇ ਕਿਹਾ "ਪੁਤਰ ਜੀ।" ਤੀਸਰੇ ਪਾਸੇ ਤੋਂ ਇਕ ਹੋਰ ਆਦਮੀ ਆਇਆ ਤੇ ਬੋਲਿਆ—ਭਾਈ ਸਾਹਿਬ।" ਚੌਥੇ ਪਾਸੇ ਤੋਂ ਇਕ ਵਿਦਿ-ਆਰਥੀ ਨੇ ਆਖਿਆ-"ਮਾਸਟਰ ਜੀ।" ਭਾਵ ਇਹ ਹੈ ਕਿ ਉਸੇ ਆਦਮੀ ਨੂੰ ਕੋਈ ਚਾਚਾ ਕਹਿੰਦਾ ਹੈ, ਕੋਈ ਤਾਇਆ, ਕੋਈ ਮਾਮਾ ਆਖਦਾ ਹੈ ਤੇ ਕੋਈ ਭਾਣਜਾ। ਸਭ ਲੜਦੇ ਹਨ ਇਹ ਤਾਂ ਪਿਤਾ ਹੀ ਹੈ, ਪੁੱਤਰ ਹੀ ਹੈ, ਭਾਈ ਹੀ ਹੈ ਜਾਂ ਚਾਚਾ ਹੀ ਹੈ ਆਦਿ। ਹੁਣ ਦਸੋ ਨਿਰਣਾ ਕਿਸ ਪ੍ਰਕਾਰ ਹੋਵੇ? ਇਹ ਸੰਘਰਸ਼ ਕਿਵੇਂ ਖਤਮ ਹੋਵੇ?

ਦਰਅਸਲ ਕੀ ਉਹ ਆਦਮੀ ਹੈ? ਇਸੇ ਸਿਆਦ-ਵਾਦ ਨੂੰ ਜੱਜ ਬਣਨਾ ਪਵੇਗਾ। ਸਿਆਦਵਾਦ ਲੜਕੇ ਨੂੰ ਆਖਦਾ ਹੈ :—ਹਾਂ, ਇਹ ਤੇਰਾ ਹੀ ਪਿਤਾ ਵੀ ਹੈ ਚੂੰਕਿ ਤੂੰ ਇਸਦਾ ਪੁੱਤਰ ਹੈਂ। ਹੋਰ ਸਭਨਾਂ ਦਾ ਪਿਤਾ ਨਹੀਂ ਹੈ। ਬੁੱਢੇ ਨੂੰ ਆਖਦਾ ਹੈ :—ਹਾਂ, ਇਹ ਤੇਰਾ ਪੁੱਤਰ ਹੀ ਹੈ। ਤੇਰੀ ਦ੍ਰਿਸ਼ਟੀ ਤੋਂ ਪੁੱਤਰ ਹੈ ਪਰ ਸਾਰਿਆਂ ਦੀ ਦ੍ਰਿਸ਼ਟੀ ਤੋਂ ਨਹੀਂ।

ਕੀ ਇਹ ਸਾਰੀ ਦੁਨੀਆਂ ਦਾ ਪੁੱਤਰ ਹੈ ? ਮਤਲਬ ਇਹ ਹੈ ਕਿ ਇਹ ਆਦਮੀ ਆਪਣੇ ਪੁੱਤਰ ਦੀ ਦ੍ਰਿਸ਼ਟੀ ਤੋਂ ਪਿਤਾ ਹੈ ਤੇ ਉਹ ਆਪਣੇ ਪਿਤਾ ਦੀ ਦ੍ਰਿਸ਼ਟੀ ਤੋਂ ਪੁੱਤਰ ਹੈ। ਆਪਣੇ ਭਾਈ ਦੀ ਦ੍ਰਿਸ਼ਟੀ ਤੋਂ ਭਾਈ ਹੈ। ਵਿਦਿਆਰਥੀ ਦੀ ਦ੍ਰਿਸ਼ਟੀ ਤੋਂ ਮਾਸਟਰ ਹੈ। ਇਸ ਪ੍ਰਕਾਰ ਆਪਣੀ ਆਪਣੀ ਦ੍ਰਿਸ਼ਟੀ ਤੋਂ ਚਾਚਾ, ਤਾਇਆ, ਮਾਮਾ, ਭਾਣਜਾ ਤੇ ਮਿੱਤਰ ਆਦਿ ਸਭ ਕੁਝ ਹੈ। ਇਕ ਹੀ ਆਦਮੀ ਦੇ ਅਨੇਕਾਂ ਧਰਮ ਹਨ, ਪਰ ਭਿੰਨ ਭਿੰਨ ਦ੍ਰਿਸ਼ਟੀ ਤੋਂ। ਇਹ ਨਹੀਂ ਕਿ ਉਸੇ ਪੁਤਰ ਦੀ ਦ੍ਰਿਸ਼ਟੀ ਤੋਂ ਭਾਈ, ਮਾਸਟਰ, ਚਾਚਾ, ਤਾਇਆ, ਭਾਣਜਾ, ਆਦਿ ਸੱਭ ਕੁੱਝ ਹੋਵੇ। ਇਸ ਪ੍ਰਕਾਰ ਨਹੀਂ ਹੋ ਸਕਦਾ। ਇਹ ਪਦਾਰਥ ਵਿਗਿਆਨ ਦੇ ਨਿਯਮਾਂ ਵਿਰੁਧ ਹੈ।

ਚੰਗਾਂ ਸਿਆਦਵਾਦ ਨੂੰ ਸਮਝਾਉਣ ਲਈ ਕੁੱਝ ਹੋਰ ਦਸੀਏ। ਇਕ ਆਦਮੀ ਕਾਫੀ ਉੱਚਾ ਹੈ। ਇਸ ਲਈ ਆਖਦਾ ਹੈ :—"ਮੈਂ ਬੜਾ ਹਾਂ" ਅਸੀਂ ਪੁੱਛਦੇ ਹਾਂ ਕਿ "ਤੂੰ ਪਹਾੜ ਤੋਂ ਵੀ ਬੜਾ ਹੈਂ ? ਉਹ ਝੱਟ ਆਖਦਾ ਹੈ :— "ਨਹੀਂ ਜਨਾਬ ! ਪਹਾੜ ਤੋਂ ਮੈਂ ਛੋਟਾ ਹਾਂ। ਮੈਂ ਤਾਂ ਮਨੁੱਖਾਂ ਦੀ ਦ੍ਰਿਸ਼ਟੀ ਤੋਂ ਕਹਿ ਰਿਹਾ ਹਾਂ ਕਿ ਮੈਂ ਬੜਾ ਹਾਂ।" ਹੁਣ ਇਕ ਦੂਸਰਾ ਆਦਮੀ ਹੈ। ਉਹ ਆਪਣੇ ਸਾਥੀਆਂ ਤੋਂ ਛੋਟਾ (ਕੱਦ ਵਿੱਚ) ਹੈ ਇਸ ਲਈ ਕਹਿੰਦਾ ਹੈ "ਮੈਂ ਛੋਟਾ ਹਾਂ।" ਅਸੀਂ ਪੁੱਛਦੇ ਹਾਂ "ਕੀ ਤੂੰ ਕੀੜੀ ਤੋਂ ਵੀ ਛੋਟਾ ਹੈ ? ਜਵਾਬ ਮਿਲਦਾ ਹੈ "ਨਹੀਂ ਜਨਾਬ, ਕੀੜੀ ਤੋਂ ਤਾਂ ਮੈਂ ਬਹੁਤ ਬੜਾ ਹਾਂ। ਮੈਂ ਆਪਣੇ ਕੱਦਾਂ ਵਾਲੇ ਆਦਮੀਆਂ ਦੀ

ਦ੍ਰਿਸ਼ਟੀ ਤੋਂ ਕਹਿ ਰਿਹਾ ਹਾਂ ।" ਹੁਣ ਤੁਹਾਡੀ ਸਮਝ ਵਿਚ "ਆਪੇਕਸ਼ਾਵਾਦ ਆ ਗਿਆ ਹੋਵੇਗਾ ।" ਇਕ ਚੀਜ਼ ਛੋਟੀ ਵੀ ਹੈ ਤੇ ਬੜੀ ਵੀ। ਆਪਣੇ ਤੋਂ ਬੜੀ ਚੀਜ਼ਾ ਦੀ ਅਪੇਕਸ਼ਾ (ਦ੍ਰਿਸ਼ਟੀ) ਤੋਂ ਛੋਟੀ ਹੈ ਤੇ ਆਪਣੇ ਤੋਂ ਛੋਟੀ ਚੀਜ਼ਾਂ ਦੀ ਅਪੇਕਸ਼ਾ ਬੜੀ ਹੈ । ਇਹ ਭਾਵ ਅਨੇਕਾਂਤਵਾਦ ਤੋਂ ਬਿਨਾਂ ਸਮਝ ਨਹੀਂ ਆ ਸਕਦਾ ।

ਅਨੇਕਾਂਤਵਾਦ ਨੂੰ ਸਮਝਣ ਲਈ ਪੁਰਾਣੇ ਆਚਾਰੀਆ ਨੇ ਹਾਥੀ ਦਾ ਉਦਾਹਰਣ ਦਿਤਾ ਹੈ । ਇਕ ਪਿੰਡ ਵਿੱਚ ਛੇ ਅੰਨ੍ਹੇ ਰਹਿੰਦੇ ਸਨ। ਕਿਸਮਤ ਨਾਲ ਉੱਥੇ ਇਕ ਹਾਥੀ ਆ ਗਿਆ । ਪਿੰਡ ਵਾਲਿਆਂ ਪਹਿਲਾਂ ਕਦੇ ਹਾਥੀ ਨਹੀਂ ਸੀ ਵੇਖਿਆ। ਧੂਮ ਮਚ ਗਈ । ਅੰਨ੍ਹਿਆਂ ਨੇ ਵੀ ਹਾਥੀ ਦਾ ਸਮਾਚਾਰ ਸੁਣਿਆ ਅਤੇ ਵੇਖਣ ਲਈ ਗਏ ਅੰਨ੍ਹੇ ਭਲਾ ਕੀ ਵੇਖਦੇ ? ਹਰ ਇਕ ਨੇ ਹੱਥ ਨਾਲ ਟਟੋਲਣਾ ਸ਼ੁਰੂ ਕੀਤਾ। ਕਿਸੇ ਨੇ ਪੂਛ ਕਿਸੇ ਨੇ ਸੁੰਡ ਪਕੜੀ ਤੇ ਕਿਸੇ ਨੇ ਕੰਨ ਕਿਸੇ ਨੇ ਦੰਦ ਪਕੜੇ ਅਤੇ ਕਿਸੇ ਨੇ ਪੈਰ ।

ਇਸ਼ ਤਰ੍ਹਾਂ ਜੋ ਵੀ ਹਾਥੀ ਦਾ ਅੰਗ ਉਨ੍ਹਾਂ ਦੇ ਹਥ ਲਗਾ ਉਸ ਨੂੰ ਛੂਹਕੇ (ਸਪਰਸ਼ ਕਰਕੇ) ਸਭ ਨੇ ਸਮਝ ਲਿਆ ਕਿ ਮੈਂ ਹਾਥੀ ਵੇਖ ਲਿਆ। ਆਪਨੇ ਥਾਂ ਤੇ ਆਕੇ ਹਾਥੀ ਵਾਰੇ ਚਰਚਾ ਕਰਣ ਲਗੇ। ਪੂੰਛ ਫੜਨ ਵਾਲਾ ਆਖਣ ਲਗਾ ਕਿ "ਹਾਥੀ ਮੋਟੇ ਰੱਸੇ ਵਰਗਾ ਸੀ ।" ਸੁੰਡ ਪਕੜਨ ਵਾਲਾ ਕਹੇ-"ਝੂਠ ਬਿਲਕੁਲ ਝੂਠ," "ਹਾਥੀ ਵੀ ਕਿਤੇ ਰੱਸੇ ਵਰਗਾ ਹੁੰਦਾ ਹੈ, ਉਹ ਤਾਂ ਮੂਸਲ ਵਰਗਾ ਸੀ ।" ਤੀਸਰਾ ਕੰਨ ਫੜਨ ਵਾਲਾ ਕਹਿਣ ਲਗਾ—"ਅੱਖਾਂ ਕੰਮ

ਨਹੀਂ ਕਰਦੀਆਂ ਤਾਂ ਕੀ ਹੋਇਆ ਮੈਂ ਹਾਥੀ ਨੂੰ ਹੱਥ ਫੇਰਕੇ ਵੇਖਿਆ ਸੀ, ਉਹ ਛੱਜ ਵਰਗਾ ਸੀ। ਚੋਥਾ ਸੂਰਦਾਸ ਬੋਲਿਆ—"ਤੁਸੀਂ ਕਿਉਂ ਗੱਪ ਪਏ ਮਾਰਦੇ ਹੋ ? ਹਾਥੀ ਤਾਂ ਕੁਲਹਾੜੀ ਵਰਗਾ ਸੀ।" ਪੰਜਵੇਂ ਪੈਰ ਵਾਲੇ ਨੇ ਆਸਮਾਨ ਦੇ ਵੱਲ ਇਸ਼ਾਰਾ ਕਰਦਿਆਂ ਆਖਿਆ—"ਕੁਝ ਤਾਂ ਰਬ ਦਾ ਡਰ ਰਖੋ। ਕਿਉਂ ਫੜਾਂ ਮਾਰਦੇ ਹੋ, ਹਾਥੀ ਤਾਂ ਮੋਟੇ ਖੰਬੇ ਵਰਗਾ ਸੀ।" ਛੇਵਾਂ ਅੰਨ੍ਹਾਂ ਜਿਹੜਾ ਕਿ ਸਭ ਦੀਆਂ ਗੱਲਾਂ ਸੁਣ ਸੁਣ ਕੇ ਆਪਣੇ ਅੰਦਰੋ-ਅੰਦਰੀ ਜ਼ਹਿਰ ਘੋਲੀ ਜਾਂਦਾ ਸੀ, ਇਕ ਦਮ ਗੁਸੇ ਵਿਚ ਭੜਕ ਕੇ ਗਜਿਆ—"ਕਿਉਂ ਬਕਵਾਸ ਕਰਦੇ ਹੋ, ਪਿਛਲੇ ਪਾਪਾਂ ਕਾਰਨ ਅੰਨ੍ਹੇ ਹੋਏ ਹੋ। ਝੂਠ ਬੋਲ ਬੋਲਕੇ ਪਾਪਾਂ ਦੀਆਂ ਜੜਾਂ ਨੂੰ ਕਿਉਂ ਸਿੰਝਦੇ ਹੋ। ਹਾਥੀ ਤਾਂ ਮੈਂ ਵੇਖਕੇ ਆਇਆ ਸੀ, ਉਹ ਅਨਾਜ ਭਰਨ ਵਾਲੇ ਕੋਠੇ ਵਰਗਾ ਸੀ। ਫੇਰ ਬਸ ਆਪਸੀ ਵਾਕ-ਯੁਧ ਛਿੜ ਗਿਆ। ਇਕ ਦੂਸਰੇ ਨੂੰ ਭਲਾ ਬੁਰਾ ਆਖਣ ਲੱਗੇ।

ਕਿਸਮਤ ਨਾਲ ਇਕ ਅਖਾਂ ਵਾਲਾ ਮਹਾਪੁਰਸ਼ ਉਥੇ ਆ ਗਿਆ। ਉਸ ਨੂੰ ਉਹਨਾਂ ਦੀਆਂ ਗੱਲਾਂ ਸੁਣਕੇ ਹਾਸਾ ਆ ਗਿਆ। ਫਿਰ ਉਸਦਾ ਚਿਹਰਾ ਗੰਭੀਰ ਹੋ ਗਿਆ। ਉਸਨੇ ਸੋਚਿਆ ਕਿ ਗਲਤੀ ਹੋ ਜਾਣਾ ਅਪਰਾਧ ਨਹੀਂ ਹੈ ਪਰ ਗਲਤੀ ਤੇ ਹੱਸਣਾ ਅਪਰਾਧ ਹੈ। ਉਸਨੂੰ ਉਨ੍ਹਾਂ ਤੇ ਦਇਆ ਆ ਗਈ, ਕਿਹਾ, "ਭਰਾਵੋ, ਕਿਉਂ ਲੜਦੇ ਹੋ ? ਜ਼ਰਾ ਮੇਰੀ ਗਲ ਸੁਣੋ। ਤੁਸੀਂ ਸਚੇ ਵੀ ਹੋ ਤੇ ਝੂਠੇ ਵੀ।

ਤੁਹਾਡੇ ਵਿਚੋਂ ਕਿਸੇ ਨੇ ਵੀ ਪੂਰਾ ਪੂਰਾ ਹਾਥੀ ਨਹੀਂ ਵੇਖਿਆ। ਇਕ ਇਕ ਹਿਸੇ ਨੂੰ ਲੈ ਕੇ ਪੂਰਾ ਹਾਥੀ ਵੇਖਣ ਦਾ ਦਾਅਵਾ ਕਰਦੇ ਹੋ। ਕੋਈ ਕਿਸੇ ਨੂੰ ਗਲਤ ਨਾ ਆਖੋ। ਇਕ ਦੂਸਰੇ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਹਾਥੀ ਮੋਟੇ ਰੱਸੇ ਵਰਗਾ ਹੈ ਪੂਛ ਦੀ ਦ੍ਰਿਸ਼ਟੀ ਤੋਂ। ਹਾਥੀ ਮੂਸਲ ਵਰਗਾ ਵੀ ਹੈ, ਸੁੰਡ ਦੀ ਤਰਫੋਂ। ਹਾਥੀ ਕੁਲਹਾੜੀ ਜੇਹਾ ਹੈ ਦੰਦਾਂ ਦੇ ਕਾਰਣ। ਹਾਥੀ ਛਜ ਵਰਗਾ ਹੈ ਕੰਨਾਂ ਦੀ ਅਪੇਕਸ਼ਾ। ਹਾਥੀ ਖੰਬੇ ਜੇਹਾ ਹੈ ਉਸਦੇ ਪੈਰਾਂ ਦੀ ਤਰਫੋਂ। ਹਾਥੀ ਅਨਾਜ ਦੇ ਕੋਠੇ ਵਰਗਾ ਵੀ ਹੈ ਜੇ ਅਸੀਂ ਉਸਦਾ ਪੇਟ ਵੇਖੀਏ। ਇਸ ਤਰ੍ਹਾਂ ਸਮਝਾ ਕੇ ਉਸਨੇ ਅੱਗ ਤੇ ਪਾਣੀ ਪਾਇਆ।

ਸੰਸਾਰ ਵਿਚ ਜਿੰਨੇ ਏਕਾਂਤਵਾਦੀ ਹੱਠੀ ਫਿਰਕੇ ਹਨ। ਉਹ ਪਦਾਰਥ ਦੇ ਇਕ-ਇਕ ਅੰਸ਼ ਨੂੰ ਅਰਥਾਤ ਧਰਮ ਨੂੰ ਪੂਰਾ ਪਦਾਰਥ ਸਮਝਦੇ ਹਨ। ਇਸ ਲਈ ਦੂਸਰੇ ਧਰਮਾਂ ਵਾਲੇ ਨਾਲ ਲੜਦੇ ਝਗੜਦੇ ਹਨ। ਪਰ ਅਸਲ ਵਿਚ ਉਹ ਪਦਾਰਥ ਨਹੀਂ, ਹਿੱਸਾ ਮਾਤਰ ਹੈ। ਸਿਆਦਵਾਦ ਅੱਖਾਂ ਵਾਲਾ ਦਰਸ਼ਨ ਹੈ ਇਸ ਲਈ ਉਹ ਏਕਾਂਤਵਾਦ ਦਰਸ਼ਨ ਨੂੰ ਸਮਝਾਂਦਾ ਹੈ ਕਿ ਤੁਹਾਡੀ ਮਾਨਤਾ ਇਕ ਮਾਨਤਾ-ਦ੍ਰਿਸ਼ਟੀ ਤੋਂ ਠੀਕ ਹੋ ਸਕਦੀ ਹੈ, ਸਾਰੀ ਦ੍ਰਿਸ਼ਟੀਕੋਣ ਤੋਂ ਨਹੀਂ। ਆਪਣੇ ਇਕ ਅੰਸ਼ ਨੂੰ ਹਮੇਸ਼ਾ ਸਾਰੀਆਂ ਦ੍ਰਿਸ਼ਟੀਆਂ ਤੋਂ ਠੀਕ ਸਮਝਣਾ ਅਤੇ ਦੂਸਰੇ ਅੰਸ਼ਾਂ ਨੂੰ ਗਲਤ ਆਖਣਾ ਬਿਲਕੁਲ ਠੀਕ ਨਹੀਂ। ਸਿਆਦਵਾਦ ਇਸ ਪ੍ਰਕਾਰ

ਇਕਾਂਤਵਾਦੀ ਦਰਸ਼ਨਾਂ ਦੀ ਭੁਲ ਦਸਕੇ ਪਦਾਰਥ ਦੇ ਸੱਚੇ ਰੂਪ ਨੂੰ ਸਾਮ੍ਹਣੇ ਰਖਦਾ ਹੈ ਹਰ ਫਿਰਕੇ ਦੇ ਕਿਸੇ ਇਕ ਸਿਧਾਂਤ ਨੂੰ ਠੀਕ ਦੱਸਕੇ ਫਿਰਕਾ-ਪ੍ਰਸਤੀ ਨੂੰ ਸ਼ਾਂਤ ਕਰ ਸਕਦਾ ਹੈ। ਕੇਵਲ ਫ਼ਿਰਕਾ-ਪ੍ਰਸਤੀ ਹੀ ਨਹੀਂ; ਜੇ ਸਿਆਦਵਾਦ ਦਾ ਜੀਵਨ ਦੇ ਹਰ ਖੇਤਰ ਵਿਚ ਪ੍ਰਯੋਗ ਕੀਤਾ ਜਾਵੇ ਤਾਂ ਕੀ ਪਰੀਵਾਰ, ਕੀ ਸਮਾਜ, ਕੀ ਦੇਸ਼, ਸਭ ਥਾਂ ਪ੍ਰੇਮ ਦੀ ਸਦ-ਭਾਵਨਾ ਦਾ ਰਾਜ ਕਾਇਮ ਹੋ ਸਕਦਾ ਹੈ। ਝਗੜੇ ਤੇ ਲੜਾਈ ਦਾ ਬੀਜ ਇਕ-ਦੂਸਰੇ ਦੇ ਦ੍ਰਿਸ਼ਟੀਕੋਣ ਨੂੰ ਨਾ ਸਮਝਣ ਕਰਕੇ ਹੀ ਹੈ ਤੇ ਸਿਆਦਵਾਦ ਇਸਨੂੰ ਸਮਝਣ ਵਿਚ ਮਦਦ ਕਰਦਾ ਹੈ।

ਇਥੇ ਤਕ ਸਿਆਦਵਾਦ ਨੂੰ ਸਮਝਾਉਣ ਲਈ ਪੱਕੇ ਸਰੀਰਕ ਉਦਾਹਰਣ ਹੀ ਕੰਮ ਵਿਚ ਲਿਆਂਦੇ ਗਏ ਹਨ। ਹੁਣ ਦਾਰਸ਼ਨਿਕ ਉਦਾਹਰਣਾਂ ਦਾ ਅਰਥ ਸਮਝ ਲੈਣਾ ਚਾਹੀਦਾ ਹੈ। ਇਹ ਵਿਸ਼ਾ ਜ਼ਰਾ ਗੰਭੀਰ ਹੈ ਸੋ ਸੂਖਸ਼ਮ ਨਰੀਖਣ-ਢੰਗ ਤੋਂ ਕੰਮ ਲੈਣਾ ਚਾਹੀਦਾ ਹੈ।

### ❀ ਨਿਤ (ਰਹਿਣਵਾਲਾ) ਤੇ ਅਨਿਤ (ਨਾ ਰਹਿਣਵਾਲਾ)

ਹਾਂ, ਤਾਂ ਪਹਿਲਾਂ ਨਿੱਤ ਤੇ ਅਨਿੱਤ ਦੇ ਪ੍ਰਸ਼ਨ ਨੂੰ ਲਈਏ। ਜੈਨ-ਧਰਮ ਆਖਦਾ ਹੈ ਕਿ ਹਰ ਪਦਾਰਥ ਨਿੱਤ ਵੀ ਹੈ ਤੇ ਅਨਿੱਤ ਵੀ। ਸਾਧਾਰਣ ਲੋਕ ਇਸ ਚੱਕਰ ਵਿਚ ਪੈ ਜਾਂਦੇ ਹਨ ਕਿ ਜੋ ਨਿੱਤ ਹੈ ਉਹ ਅਨਿੱਤ ਕਿਵੇਂ

ਹੋ ਸਕਦਾ ਹੈ ? ਜੇ ਅਖੰਡ ਹੈ ਤਾਂ ਨਿੱਤ ਕਿਵੇਂ ਹੋ ਸਕਦਾ ਹੈ। ਪਰ ਜੈਨ-ਧਰਮ ਆਪਣੇ ਅਨੇਕਾਂਤ-ਰੂਪੀ ਅਟੱਲ ਸਿਧਾਂਤ ਰਾਹੀਂ ਸਹਿਜ ਹੀ ਇਸ ਮਸਲੇ ਦਾ ਹਲ ਪੇਸ਼ ਕਰਦਾ ਹੈ।

ਫਰਜ਼ ਕਰੋ ਇਕ ਘੜਾ ਬਣਿਆ ਹੈ ਅਸੀਂ ਵੇਖਦੇ ਹਾਂ ਜਿਸ ਮਿੱਟੀ ਤੋਂ ਬਣਿਆ ਹੈ ਉਸ ਤੋਂ ਹੋਰ ਵੀ ਘੜੇ ਤੇ ਸੁਰਾਹੀਆਂ ਆਦਿ ਬਰਤਨ ਬਣਦੇ ਹਨ। ਹਾਂ, ਤਾਂ ਜੇ ਅਸੀਂ ਉਸ ਘੜੇ ਨੂੰ ਤੋੜਕੇ ਅਸੀਂ ਉਸ ਘੜੇ ਦੀ ਮਿਟੀ ਦਾ ਕੋਈ ਹੋਰ ਭਾਂਡਾ ਬਣਾਈਏ ਤਾਂ ਉਹ ਘੜਾ ਨਹੀਂ ਅਖਵਾਏਗਾ। ਉਸੇ ਮਿਟੀ ਦੇ ਪਦਾਰਥ ਦੇ ਹੁੰਦੇ ਹੋਏ ਵੀ ਉਸ ਨੂੰ ਘੜਾ ਨਾ ਆਖਣ ਦਾ ਕਾਰਣ ਕੀ ? ਕਾਰਣ ਕੁਝ ਨਹੀਂ, ਇਹੋ ਹੈ ਕਿ ਹੁਣ ਉਸਦੀ ਸ਼ਕਲ ਘੜੇ ਵਰਗੀ ਨਹੀਂ ਹੈ।

ਇਸ ਤਰ੍ਹਾਂ ਸਿੱਧ ਹੋ ਜਾਂਦਾ ਹੈ ਕਿ ਘੜਾ ਆਪ ਕੋਈ ਸੁਤੰਤਰ ਪਦਾਰਥ ਨਹੀਂ ਬਲਕਿ ਮਿੱਟੀ ਦਾ ਇਕ ਵਿਸ਼ੇਸ਼ ਆਕਾਰ ਹੈ। ਪਰ ਇਹ ਆਕਾਰ ਵਿਸ਼ੇਸ਼ ਮਿਟੀ ਤੋਂ ਭਿੰਨ ਨਹੀਂ ਉਸੇ ਦਾ ਇਕ ਰੂਪ ਹੈ। ਕਿਉਂਕਿ ਭਿੰਨ-ਭਿੰਨ ਆਕਾਰਾਂ ਵਿਚ ਬਦਲੀ ਮਿੱਟੀ ਜਦ ਘੜਾ, ਸੁਰਾਹੀ ਆਦਿ ਭਿੰਨ-ਭਿੰਨ ਨਾਉਂ ਨਾਲ ਆਖੀ ਜਾਂਦੀ ਹੈ ਤਾਂ ਉਸ ਹਾਲਤ ਵਿਚ ਆਕਾਰ (ਸ਼ਕਲ) ਮਿਟੀ ਤੋਂ ਕਿਵੇਂ ਭਿੰਨ ਹੋ ਸਕਦੀ ਹੈ ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਘੜੇ ਦਾ

ਆਕਾਰ ਤੇ ਮਿਟੀ ਦੋਵੇਂ ਹੀ ਘੜੇ ਦੇ ਆਪਣੇ ਸਰੂਪ ਹਨ . ਹੁਣ ਵੇਖਣਾ ਹੈ ਦੋਹਾਂ ਸਰੂਪਾਂ ਵਿਚ ਵਿਨਾਸ਼ਵਾਨ ਸਰੂਪ ਕਿਹੜਾ ਹੈ ? ਤੇ ਪਕਾ ਕਿਹੜਾ ? ਇਸ ਤਰ੍ਹਾਂ ਪ੍ਰਤੱਖ ਵਿਖਾਈ ਦੇਂਦਾ ਹੈ ਕਿ ਘੜੇ ਦਾ ਆਕਾਰ ਸਬੰਧੀ ਸਰੂਪ ਵਿਨਾਸ਼ੀ ਹੈ ਕਿਉਂਕਿ ਜੋ ਬਣਦਾ ਹੈ ਤੇ ਬਿਗੜਦਾ ਹੈ। ਪਹਿਲਾਂ ਨਹੀਂ ਸੀ ਤੇ ਮਗਰੋਂ ਨਹੀਂ ਰਹੇਗਾ। ਜੈਨ-ਦਰਸ਼ਨ ਇਸ ਨੂੰ 'ਪਰਿਆਏ'' ਆਖਦਾ ਹੈ। ਤੇ ਘੜੇ ਦਾ ਦੂਸਰਾ ਸਰੂਪ ਮਿਟੀ ਹੈ। ਉਹ ਅਵਿਨਾਸ਼ੀ ਹੈ ਕਿਉਂਕਿ ਉਸਦਾ ਕਦੇ ਨਾਸ਼ ਨਹੀਂ ਹੁੰਦਾ ਘੜਾ ਬਨਣ ਤੋਂ ਪਹਿਲਾਂ ਮੌਜੂਦ ਸੀ, ਘੜਾ ਬਨਣ ਵੇਲੇ ਵੀ ਹੈ ਅਤੇ ਘੜੇ ਦੇ ਨਸ਼ਟ ਹੋਣ ਤੇ ਵੀ ਰਹੇਗਾ। ਮਿਟੀ ਆਪਣੇ ਆਪ ਵਿਚ ਸਥਾਈ ਤੱਤ ਹੈ ਉਸਨੇ ਬਨਣਾ ਤੇ ਬਿਗੜਨਾ ਨਹੀਂ ਹੈ। ਜੈਨ-ਦਰਸ਼ਨ ਵਿਚ ਇਸਨੂੰ 'ਦ੍ਰਵ' ਆਖਦੇ ਹਨ।

ਇਸ ਵਿਆਖਿਆ ਨਾਲ ਅਸੀਂ ਸਪਸ਼ਟ ਰੂਪ ਵਿਚ ਸਮਝਾ ਸਕਦੇ ਹਾਂ ਕਿ ਘੜੇ ਦਾ ਇਕ ਸਰੂਪ ਵਿਨਾਸ਼ੀ ਹੈ ਤੇ ਦੂਸਰਾ ਅਵਿਨਾਸ਼ੀ। ਇਕ ਜਨਮ ਲੈਂਦਾ ਹੈ ਤੇ ਨਸ਼ਟ ਹੋ ਜਾਂਦਾ ਹੈ। ਦੂਸਰਾ ਹਮੇਸ਼ਾ ਬਣਿਆ ਰਹਿੰਦਾ ਹੈ। ਨਿੱਤ ਰਹਿੰਦਾ ਹੈ ਹੁਣ ਅਸੀਂ ਇਕਾਂਤਵਾਦ ਦੀ ਦ੍ਰਿਸ਼ਟੀ ਤੇ ਕਹਿ ਸਕਦੇ ਹਾਂ ਕਿ ਘੜਾ ਆਪਣੇ ਆਕਾਰ ਦੀ ਦ੍ਰਿਸ਼ਟੀ ਤੋਂ ਵਿਨਾਸ਼ੀ ਰੂਪ ਤੋਂ ਅਨਿੱਤ ਹੈ ਤੇ ਮੂਲ ਮਿੱਟੀ ਤੋਂ ਅਵਿਨਾਸ਼ੀ ਰੂਪ ਵਿੱਚ ਨਿੱਤ ਹੈ। ਜੈਨ ਦਰਸ਼ਨ ਦੀ ਭਾਸ਼ਾ ਵਿਚ ਆਖੀਏ ਤਾਂ ਇੰਝ ਕਹਿ ਸਕਦੇ ਹਾਂ ਕਿ ਘੜਾ

"ਪਰਿਆਏ" "ਦ੍ਰਿਸ਼ਟੀ" ਤੋਂ ਅਨਿੱਤ ਹੈ ਤੇ ਦ੍ਰਵ ਦ੍ਰਿਸ਼ਟੀ ਤੋਂ ਨਿੱਤ ਹੈ। ਇਸ ਪ੍ਰਕਾਰ ਇਕ ਹੀ ਵਸਤੂ ਦੀ ਆਪਸੀ ਵਿਰੋਧਤਾ ਦਿਖਾਈ ਦੇਣ ਵਾਲੀ ਨਿਤੱਤਾ ਤੇ ਅਨਿਤੱਤਾ ਦੇ ਗੁਣਾਂ ਨੂੰ ਸਿੱਧ ਕਰਨ ਵਾਲਾ ਸਿਧਾਂਤ ਹੀ ਅਨੇਕਾਂਤਵਾਦ ਹੈ।

## ❀ ਉਤਪੱਤੀ, ਸਥਿੱਤੀ ਤੇ ਵਿਨਾਸ਼

ਚੰਗਾ, ਇਸ ਵਿਸ਼ੇ ਤੇ ਜਰਾ ਹੋਰ ਵਿਚਾਰ ਕਰੀਏ। ਜਗਤ ਵਿਚ ਸਭ ਪਦਾਰਥ ਉਤਪੱਤੀ, ਸਥਿੱਤੀ ਤੇ ਵਿਨਾਸ਼ ਆਦਿ ਤਿੰਨ ਧਰਮਾਂ (ਗੁਣਾਂ) ਸਹਿੱਤ ਹਨ। ਜੈਨ ਦਰਸ਼ਨ ਵਿਚ ਇਨ੍ਹਾਂ ਲਈ ਉਤਪਾਦ, ਧਰੋਵਯ ਤੇ ਵਿੱਅਏ ਸ਼ਬਦ ਦੀ ਵਰਤੋਂ ਕੀਤੀ ਗਈ ਹੈ।

ਤੁਸੀਂ ਆਖੋਗੇ ਕਿ ਇਕ ਵਸਤੂ ਦੇ ਪ੍ਰਸਪਰ ਵਿਰੋਧੀ ਧਰਮ ਕਿਸ ਪ੍ਰਕਾਰ ਸੰਭਵ ਹਨ। ਇਸਨੂੰ ਸਮਝਨ ਲਈ ਇਕ ਉਦਾਹਰਣ ਲਵੋ :—ਇਕ ਸੁਨਿਆਰ ਦੇ ਕੋਲ ਸੋਨੇ ਦਾ ਕੰਗਣ ਹੈ। ਉਹ ਉਸਨੂੰ ਤੋੜਕੇ, ਗਾਲਕੇ ਹਾਰ ਬਣਾ ਦਿੰਦਾ ਹੈ। ਇਸ ਤੋਂ ਸਪਸ਼ਟ ਹੈ ਕਿ ਕੰਗਣ ਵਿਨਾਸ਼ ਹੋਕੇ ਹਾਰ ਦੀ ਉਤਪੱਤੀ ਹੋਈ ਪਰ ਤੁਸੀਂ ਇਹ ਨਹੀਂ ਆਖ ਸਕਦੇ ਕਿ ਕੰਗਣ ਬਿਲਕੁਲ ਖਤਮ ਹੋ ਗਿਆ ਤੇ ਹਾਰ ਬਿਲਕੁਲ ਨਵਾਂ ਬਣ ਗਿਆ ਕਿਉਂਕਿ ਕੰਗਣ ਤੇ ਹਾਰ ਵਿਚ ਮੂਲ ਤਤ ਸੋਨਾ ਹੈ ਜੋ ਉਸੇ ਪ੍ਰਕਾਰ ਹੈ। ਵਿਨਾਸ਼ੀ ਤੇ ਉਤਪੱਤੀ ਕੇਵਲ ਆਕਾਰ ਦੀ ਹੋਈ। ਇਸ ਉਦਾਹਰਣ ਤੋਂ ਸੋਨੇ ਵਿਚ ਕੰਗਣ ਦੇ ਆਕਾਰ

ਦਾ ਨਾਸ਼, ਹਾਰ ਦੇ ਆਕਾਰ ਦੀ ਉਤਪੱਤੀ, ਸੋਨੇ ਦੀ ਸਥਿਤੀ ਇਹ ਤਿੰਨ ਧਰਮ ਭਲੀ ਭਾਂਤ ਸਿੱਧ ਹੋਏ।

ਇਸੇ ਪ੍ਰਕਾਰ ਹਰ ਵਸਤੂ ਦੀ ਉਤਪੱਤੀ, ਸਥਿੱਤੀ ਤੇ ਵਿਨਾਸ਼ ਤਿੰਨ ਧਰਮ ਆਖੇ ਜਾਂਦੇ ਹਨ। ਕੋਈ ਵ੍ਹੀ ਵਸਤੂ ਨਸ਼ਟ ਹੋ ਜਾਂਦੀ ਹੈ ਤਾਂ ਇਹ ਨਾ ਸਮਝੋ ਕਿ ਮੂਲ ਹੀ ਨਸ਼ਟ ਹੋ ਗਿਆ। ਉਤਪੱਤੀ ਤੇ ਵਿਨਾਸ਼ ਤਾਂ ਪੱਕੀ ਵਸਤੂ ਦੇ ਹੁੰਦੇ ਹਨ। ਪੱਕੀ ਵਸਤੂ ਦੇ ਨਸ਼ਟ ਹੋਣ ਤੇ ਭੀ ਉਸਦੇ ਸੂਖਮ ਪ੍ਰਮਾਣੂ (ਜ਼ਰੇ) ਤਾਂ ਹਮੇਸ਼ਾਂ ਸਥਿਤੀ ਰਹਿੰਦੇ ਹਨ।

ਇਸੇ ਸੂਖਮ ਪ੍ਰਮਾਣੂ ਦੂਸਰੀ ਵਸਤਾਂ ਦੇ ਨਾਲ ਮਿਲਕੇ ਨਵਾਂ ਰੂਪ ਧਾਰਣ ਕਰਦੇ ਹਨ । ਵੈਸਾਖ ਤੇ ਜੇਠ ਦੇ ਮਹੀਨੇ ਵਿਚ ਜਦੋਂ ਸੂਰਜ ਦੀਆਂ ਕਿਰਨਾਂ ਨਾਲ ਟੋਭੇ ਦਾ ਪਾਣੀ ਸੁਕ ਜਾਂਦਾ ਹੈ ਤਾਂ ਇਹ ਸਮਝਨਾ ਭੁੱਲ ਹੈ ਕਿ ਪਾਣੀ ਦਾ ਹਮੇਸ਼ਾ ਲਈ ਆਕਾਲ ਪੈ ਗਿਆ। ਪਾਣੀ ਚਾਹੇ ਭਾਪ ਜਾਂ ਗੈਸ ਕਿਸੇ ਰੂਪ ਵਿਚ ਕਿਉਂ ਨਾ ਹੋਵੇ ਉਹ ਜਰੂਰ ਹੈ। ਇਹ ਹੋ ਸਕਦਾ ਹੈ ਕਿ ਉਸਦਾ ਉਹ ਸੂਖਮ ਰੂਪ ਸਾਨੂੰ ਵਿਖਾਈ ਨਾ ਦੇਵੇ। ਇਹ ਕਦੇ ਨਹੀਂ ਹੋ ਸਕਦਾ ਕਿ ਉਸਦੀ ਹੋਂਦ ਹੀ ਖਤਮ ਹੋ ਜਾਵੇ ਇਸ ਲਈ ਸਿਧਾਂਤ ਅਟਲ ਹੈ ਕਿ ਨਾ ਤਾਂ ਕਦੀ ਕੋਈ ਵਸਤੂ ਮੂਲ ਰੂਪ ਵਿਚ ਆਪਣੀ ਹੋਂਦ ਖੋ ਕੇ ਨਸ਼ਟ ਹੀ ਹੁੰਦੀ ਹੈ ਤੇ ਨ ਹਮੇਸ਼ਾਂ ਅੱਡ-ਅੱਡ ਰੂਪ ਵਿੱਚ ਘਾਟ ਤੋਂ ਲਾਭ ਵਿੱਚ ਨਵੀਂ ਪੈਦਾ ਹੁੰਦੀ ਹੈ। ਆਧੁਨਿਕ ਵਿਗਿਆਨ ਭੀ ਇਸ ਸਿਧਾਂਤ ਦੀ ਹਿਮਾਇਤ ਕਰਦਾ ਹੈ। ਉਹ ਆਖਦਾ ਹੈ। ਹਰ ਵਸਤੂ ਮੂਲ ਪ੍ਰਕ੍ਰਿਤੀ ਦੇ ਰੂਪ ਵਿਚ ਸਥਿੱਤ ਹੈ ਤੇ ਉਸ ਤੋਂ ਉਤਪੱਨ ਹੋਣ

ਵਾਲੇ ਪਦਾਰਥ ਉਸਦੇ ਭਿੰਨ-ਭਿੰਨ ਰੂਪਾਂਤਰ ਹਨ।

ਤਾਂ, ਉਪਰੋਕਤ ਉਤਪੱਤੀ, ਸਥਿੱਤੀ ਤੇ ਵਿਨਾਸ਼ ਇਨ੍ਹਾਂ ਤਿੰਨਾਂ ਗੁਣਾ ਵਿਚੋਂ ਜੋ ਮੂਲ ਵਸਤੂ ਸਦਾ ਰਹਿੰਦੀ ਹੈ ਉਸਨੂੰ ਜੈਨ ਦਰਸ਼ਨ ਵਿੱਚ "ਦ੍ਰਵ" ਆਖਦੇ ਹਨ। ਜੋ ਪੈਦਾ ਤੇ ਨਾਸ਼ਵਾਨ ਹੈ ਉਸਨੂੰ ਪਰਿਆਏ ਆਖਦੇ ਹਨ। ਕੰਗਣ ਤੋਂ ਹਾਰ ਬਨਾਉਣ ਵਾਲੇ ਸੋਨੇ ਵਿਚ ਸੋਨਾ "ਦ੍ਰਵ" ਹੈ ਕੰਗਣ ਤੇ ਹਾਰ "ਪਰਿਆਏ"। ਦ੍ਰਵ ਦੀ ਦ੍ਰਿਸ਼ਟੀ ਤੋਂ ਹਰ ਵਸਤੂ ਨਿੱਤ ਹੈ ਤੇ ਪਰਿਆਏ ਦੀ ਦ੍ਰਿਸ਼ਟੀ ਤੋਂ ਅਨਿੱਤ ਹੈ। ਇਸ ਪ੍ਰਕਾਰ ਹਰ ਪਦਾਰਥ ਇਕੱਲਾ ਨਾ ਤਾਂ ਨਿੱਤ ਹੈ ਅਤੇ ਨ ਹੀ ਅਨਿੱਤ। ਫਲ ਸਰੂਪ ਨਿੱਤ ਅਨਿੱਤ ਨੂੰ ਬਰਾਬਰ ਸਮਝਨਾ ਹੀ ਅਨੇਕਾਂਤਵਾਦ ਹੈ।

### ❀ ਸਤ ਅਤੇ ਅਸੱਤ (ਨਾਸ਼ਵਾਨ)

ਇਹੋ ਸਿਧਾਂਤ ਸੱਤ ਤੇ ਅਸੱਤ ਦੇ ਭਿੰਨ-ਭਿੰਨ ਰੂਪ ਵਿਚ ਹੈ। ਕਿੰਨੇ ਫਿਰਕੇ ਆਖਦੇ ਹਨ ਕਿ "ਵਸਤੂ ਸੱਤ ਹੈ"। ਦੂਸਰੇ ਫਿਰਕੇ ਇਸਦੇ ਉਲਟ ਆਖਦੇ ਹਨ ਕਿ "ਵਸਤੂ ਹਮੇਸ਼ਾ ਅਸੱਤ" (ਨਾਸ਼ਵਾਨ) ਹੈ। ਦੋਹਾਂ ਪਾਸੇ ਵਾਕ ਯੁਧ ਹੁੰਦਾ ਹੈ। ਸੰਘਰਸ਼ ਹੁੰਦਾ ਹੈ। ਅਨੇਕਾਂਤਵਾਦ ਇਸ ਸੰਘਰਸ਼ ਦਾ ਹਲ ਪੇਸ਼ ਕਰ ਸਕਦਾ ਹੈ। ਅਨੇਕਾਂਤਵਾਦ ਆਖਦਾ ਹੈ ਕਿ ਵਸਤੂ ਸਤ ਵੀ ਹੈ ਤੇ ਅਸਤ ਵੀ। ਅਰਥਾਤ ਹਰ ਪਦਾਰਥ ਹੈ ਵੀ ਤੇ ਨਹੀਂ ਵੀ। ਆਪਣੇ ਸਰੂਪ ਤੋਂ ਹੈ ਪਰ ਦੂਸਰੇ ਦੇ ਸਰੂਪ ਤੋਂ ਨਹੀਂ। ਪੁੱਤਰ ਦੀ ਦ੍ਰਿਸ਼ਟੀ ਤੋਂ ਪਿਤਾ, ਪਿਤਾ ਰੂਪ

ਵਿਚ ਸੱਤ ਹੈ ਤੇ ਪਰਾਏ ਪੁਤਰ ਦੀ ਦ੍ਰਿਸ਼ਟੀ ਤੋਂ ਪਿਤਾ, ਪਿਤਾ ਰੂਪ ਵਿਚ ਅਸੱਤ ਹੈ। ਉਹ ਪਰਾਏ ਪੁਤਰ ਦੀ ਦ੍ਰਿਸ਼ਟੀ ਤੋਂ ਪਿਤਾ ਹੀ ਹੈ ਤਾਂ ਸਾਰੇ ਸੰਸਾਰ ਦਾ ਪਿਤਾ ਹੋ ਜਾਵੇਗਾ ਤੇ ਇਹ ਅਸੰਭਵ ਹੈ। ਤੁਹਾਡੇ ਸਾਹਮਣੇ ਘੁਮਿਆਰ ਹੈ। ਕੋਈ ਉਸਨੂੰ ਘੁਮਿਆਰ ਆਖਦਾ ਹੈ। ਜੇ ਉਹ ਆਖੇ ਕਿ ਮੈਂ ਘੁਮਿਆਰ ਹਾਂ। ਸੁਨਿਆਰ ਨਹੀਂ, ਤਾਂ ਕੀ ਉਹ ਗਲਤ ਹੈ? ਘੁਮਿਆਰ ਦੀ ਦ੍ਰਿਸ਼ਟੀ ਤੋਂ ਉਹ ਸੱਤ ਤੇ ਸੁਨਿਆਰ ਦੀ ਦ੍ਰਿਸ਼ਟੀ ਤੋਂ ਅਸੱਤ ਹੈ। ਫਰਜ਼ ਕਰੋ, ਸੌ ਘੜੇ ਪਏ ਹਨ, ਘੜੇ ਦੀ ਦ੍ਰਿਸ਼ਟੀ ਤੋਂ ਉਹ ਘੜੇ ਹਨ। ਇਸ ਲਈ ਸੱਤ ਹੈ। ਹਰ ਇਕ ਘੜਾ ਧਰਮ ਰੂਪ ਤੋਂ ਅਸੱਤ ਹਨ। ਘੜਿਆਂ ਵਿਚ ਆਪਸੀ ਫਰਕ ਹੈ। ਇਕ ਮਨੁੱਖ ਅਚਾਨਕ ਕਿਸੇ ਘੜੇ ਨੂੰ ਚੁਕਕੇ ਆਖਦਾ ਹੈ ਕਿ ਇਹ ਮੇਰਾ ਨਹੀਂ ਹੈ। ਵਾਪਸ ਰੱਖ ਦਿੰਦਾ ਹੈ। ਇਸ ਹਾਲਤ ਵਿਚ ਘੜਾ ਅਸੱਤ ਨਹੀਂ ਤਾਂ ਕੀ ਹੈ? 'ਮੇਰਾ ਨਹੀਂ ਹੈ।' ਇਸ ਵਿਚ ਜੋ 'ਨਹੀਂ' ਸ਼ਬਦ ਹੈ ਉਹ ਅਸੱਤ ਹੈ ਉਹ ਅਸੱਤ ਦਾ ਨਾਂ ਵਾਚਕ ਸ਼ਬਦ ਹੈ। ਹਰ ਵਸਤੂ ਦੀ ਹੋਂਦ ਆਪਣੀ ਹੱਦ ਵਿਚ ਹੀ ਹੈ। ਤੇ ਦੂਸਰੇ ਦਾ ਸਰੂਪ ਆਪਣੀ ਹੱਦ ਤੋਂ ਬਾਹਰ। ਜੇ ਹਰ ਇਕ ਵਸਤੂ ਦੇ ਰੂਪ ਵਿਚ ਸੱਤ ਹੋ ਜਾਵੇ ਤਾਂ ਸੰਸਾਰ ਦੀ ਕੋਈ ਵਿਵਸਥਾ ਨਾ ਰਹੇ। ਦੁਧ ਦੇ ਰੂਪ ਵਿਚ ਦਹੀਂ ਸੱਤ ਹੋਵੇ, ਲੱਸੀ ਦੇ ਰੂਪ ਵਿਚ ਲੱਸੀ ਸੱਤ ਹੋਵੇ। ਫਿਰ ਤੇ ਦੁਧ ਦੇ ਬਦਲੇ ਦਹੀਂ, ਲੱਸੀ ਜਾਂ ਪਾਣੀ ਲਿਆਂਦਾ ਜਾ ਸਕਦਾ ਹੈ।

ਯਾਦ ਰੱਖੋ, ਦੁੱਧ, ਦੁੱਧ ਦੇ ਰੂਪ ਵਿਚ ਸੱਤ ਹੈ। ਦਹੀਂ ਆਦਿ ਦੇ ਰੂਪ ਵਿਚ ਨਹੀਂ ਕਿਉਂਕਿ ਸਵੈ-ਰੂਪ ਸੱਤ ਹੈ ਤੇ ਪਰਾਇਆ-ਰੂਪ ਅਸੱਤ।


## ❀ ਦਾਰਸ਼ਨਿਕ ਜਗਤ ਦਾ ਸਮਰਾਟ : ਸਿਆਦਵਾਦ

ਸਿਆਦਵਾਦ ਦਾ ਅਸਰ ਸਿਧਾਂਤ ਦਾਰਸ਼ਨਿਕ ਜਗਤ ਵਿਚ ਬਹੁਤ ਉੱਚਾ ਮੰਨਿਆ ਜਾਂਦਾ ਹੈ। ਮਹਾਤਮਾ ਗਾਂਧੀ ਜਿਹੇ ਸੰਸਾਰ ਦੇ ਮਹਾਂਪੁਰਸ਼ ਨੇ ਇਸਦੀ ਬੜੀ ਪ੍ਰਸ਼ੰਸਾ ਕੀਤੀ ਹੈ। ਪੱਛਮੀ ਵਿਦਵਾਨ ਡਾਕਟਰ ਥਾਮਸ ਆਦਿ ਦਾ ਕਹਿਣਾ ਹੈ ਕਿ ਸਿਆਦਵਾਦ ਦਾ ਸਿਧਾਂਤ ਬੜਾ ਹੀ ਗੰਭੀਰ ਹੈ। ਇਹ ਵਸਤੂ ਦੀਆਂ ਭਿੰਨ-ਭਿੰਨ ਹਾਲਤਾਂ ਤੇ ਚੰਗਾ ਪ੍ਰਕਾਸ਼ ਪਾਉਂਦਾ ਹੈ। ਦਰਅਸਲ ਸਿਆਦਵਾਦ ਸੱਚੇ ਗਿਆਨ ਦੀ ਕੁੰਜੀ ਹੈ। ਅੱਜ ਸੰਸਾਰ ਵਿਚ ਜੋ ਸਾਰੇ ਪਾਸੇ ਧਾਰਮਿਕ, ਸਾਮਾਜਿਕ ਤੇ ਕੌਮੀ ਵੈਰ-ਵਿਰੋਧ ਹੈ ਉਹ ਸਿਆਦਵਾਦ ਰਾਹੀਂ ਦੂਰ ਕੀਤਾ ਜਾ ਸਕਦਾ ਹੈ। ਦਾਰਸ਼-ਨਿਕ ਖੇਤਰ ਵਿਚ ਸਿਆਦਵਾਦ ਸਮਰਾਟ ਹੈ। ਉਹਦੇ ਸਾਮ੍ਹਣੇ ਆਉਂਦੇ ਹੀ ਗੁੱਸਾ, ਈਰਖਾ, ਫਿਰਕਾ-ਪ੍ਰਸਤੀ ਤੇ ਤੰਗ-ਦਿਲੀ ਆਦਿ ਦੋਸ਼ ਡਰਕੇ ਭਜ ਜਾਂਦੇ ਹਨ। ਜਦ ਕਦੇ ਵੀ ਵਿਸ਼ਵ ਵਿਚ ਸ਼ਾਂਤੀ ਦਾ ਸਾਮਰਾਜ ਸਥਾਪਿਤ ਹੋਵੇਗਾ ਤਾਂ ਉਹ ਸਿਆਦਵਾਦ ਰਾਹੀਂ ਹੋਵੇਗਾ। 'ਇਹ ਗਲ ਅਟੱਲ ਹੈ ਪੱਕੀ ਹੈ।

"सर्वे नया अपि विरोधभृतो मिथस्ते,
सम्भूय साधु समयं भगवन् भजन्ते ।
भूपा इव प्रतिभटा भुवि सार्वभौम,
पादांबुजं प्रधनयुक्तिपराजिता द्राक् ।"

"ਜਿਵੇਂ ਛੋਟੇ-ਛੋਟੇ ਰਾਜੇ ਮਹਾਰਾਜੇ ਆਪਸ ਵਿਚ ਕਿੰਨੀ ਹੀ ਲੜਾਈ ਕਿਉਂ ਨਾ ਰਖਣ, ਪਰ ਚੱਕਰਵਰਤੀ ਬਾਦਸ਼ਾਹ ਦੇ ਇਕ ਛਤਰ-ਸ਼ਾਸਨ ਵਿਚ ਸਾਰਾ ਵੈਰ ਵਿਰੋਧ ਭੁਲ ਜਾਂਦੇ ਹਨ । ਉਸੇ ਪ੍ਰਕਾਰ ਸੰਸਾਰ ਦੇ ਸਾਰੇ ਏਕਾਂਤਵਾਦੀ ਮੱਤ ਚਾਹੇ ਆਪਸ ਵਿਚ ਕਿੰਨੇ ਹੀ ਵਿਰੋਧੀ ਕਿਉਂ ਨਾ ਹੋਣ ਇਕ ਦੂਸਰੇ ਦਾ ਖੰਡਨ ਕਰਦੇ ਹੋਣ, ਪਰ ਸਿਆਦਵਾਦ ਰੂਪੀ ਚੱਕਰਵਰਤੀ ਦੇ ਸ਼ਾਸਨ ਵਿਚ ਉਹ ਸਾਰੇ ਇਕ ਦੂਸਰੇ ਦੀ ਇਜ਼ਤ ਕਰਦੇ ਹਨ । ਸ਼ਾਂਤੀ ਨਾਲ, ਸਚ ਦੀ ਸਾਧਨਾ ਕਰਦੇ ਹਨ ।"

* * *



# ਮਹਾਵੀਰ ਦੀ ਅਮਰ ਦੇਣ : ਏਕਤਾ

□

ਭਾਰਤ ਵਰਸ਼ ਵਿਚ ਦਾਰਸ਼ਨਿਕ ਵਿਚਾਰ-ਧਾਰਾ ਦਾ ਜਿਨਾਂ ਵਿਕਾਸ ਹੋਇਆ ਹੈ, ਉੱਨਾ ਕਿਸੇ ਹੋਰ ਦੇਸ਼ ਵਿਚ ਨਹੀਂ ਹੋਇਆ। ਭਾਰਤ-ਭਮੀ ਦਰਸ਼ਨਾਂ ਦੀ ਜਨਮ-ਭੂਮੀ ਹੈ। ਇਥੇ ਭਿਨ-ਭਿੰਨ ਦਰਸ਼ਨਾਂ ਦੇ ਭਿੰਨ-ਭਿੰਨ ਵਿਚਾਰ ਬਿਨਾ ਰੁਕਾਵਟ ਤੇ ਮਨਾਹ ਤੋਂ ਫਲਦੇ-ਫੁਲਦੇ ਰਹੇ ਹਨ। ਜੇ ਭਾਰਤ ਦੇ ਸਾਰ ਪੁਰਾਣੇ ਦਰਸ਼ਨਾਂ ਦੀ ਜਾਣਕਾਰੀ ਲਦ ਜਾਵੇ, ਤਾਂ ਇਕ ਬਹੁਤ ਵਡਾ ਗਰੰਥ ਬਣ ਜਾਵੇਗਾ। ਇਸ ਲਈ ਇਥੇ ਅਸੀਂ ਵਿਸਥਾਰ ਵਿਚ ਨਾ ਜਾ ਕੇ ਸੰਖੇਪ ਵਿਚ ਭਾਰਤ ਦੇ ਬਹੁਤ ਪੁਰਾਣੇ ਪੰਜ ਦਰਸ਼ਨਾਂ ਦੀ ਜਾਣਕਾਰੀ ਦਿੰਦੇ ਹਾਂ। ਭਗਵਾਨ ਮਹਾਵੀਰ ਸਮੇਂ ਇਨ੍ਹਾਂ ਪੰਜਾਂ ਦਰਸ਼ਨਾਂ ਦੀ ਹੋਂਦ ਸੀ ਤੇ ਅੱਜ ਵੀ ਸਾਰੇ ਲੋਕ ਇਨ੍ਹਾਂ ਦਰਸ਼ਨਾਂ ਵਿਚ ਵਿਸ਼ਵਾਸ ਰਖਦੇ ਹਨ।

ਲਬੀ ਚਰਚਾ ਦੇ ਉੱਤਰ ਵਿਚ ਜਾਣ ਤੋਂ ਤੁਹਾਨੂੰ ਜ਼ਰਾ ਕਸ਼ਟ ਹੋਵੇਗਾ। ਇਸ ਲਈ ਪਹਿਲਾਂ ਤੁਹਾਨੂੰ ਪੰਜਾਂ ਦੇ ਨਾਮ

ਦਸ ਦੇਵਾਂ ਤਾਂ ਚੰਗਾ ਰਹੇਗਾ। ਪੰਜਾਂ ਦੇ ਨਾਮ ਇਸ ਪ੍ਰਕਾਰ ਹਨ :-

(੧) ਕਾਲਵਾਦ (੨) ਸੁਭਾਵਵਾਦ (੩) ਕਰਮਵਾਦ (੪) ਪੁਰਸ਼ਾਰਥਵਾਦ ਤੇ (੫) ਨਿਯੱਤੀਵਾਦ।

ਇਨ੍ਹਾਂ ਪੰਜਾਂ ਦਾ ਆਪਸ ਵਿਚ ਸੰਘਰਸ਼ ਹੈ ਤੇ ਹਰ ਇਕ ਆਪਸ ਵਿਚ ਇਕ ਦੂਸਰੇ ਦਾ ਖੰਡਨ ਕਰਕੇ ਆਪਣੇ ਰਾਹੀਂ ਹੀ ਕੰਮ ਸਿਧ ਹੋਣ ਦਾ ਦਾਅਵਾ ਕਰਦੇ ਹਨ।

## * ਕਾਲਵਾਦ :

ਇਹ ਦਰਸ਼ਨ ਬਹੁਤ ਪੁਰਾਣਾ ਹੈ। ਇਹ ਕਾਲ ਨੂੰ ਹੀ ਸਭ ਤੋਂ ਵਡਾ ਮਹੱਤਵ ਦਿਦਾ ਹੈ। ਕਾਲ-ਵਾਦ ਦਾ ਕਥਨ ਹੈ ਕਿ ਸੰਸਾਰ ਵਿਚ ਜੋ ਕੁਝ ਵੀ ਕਮ ਹੁਦਾ ਹੈ, ਉਹ ਕਾਲ ਦੇ ਹੀ ਪ੍ਰਭਾਵ ਨਾਲ ਹੁੰਦਾ ਹੈ। ਕੁਝ ਕਾਲ ਦੇ ਬਿਨਾਂ ਸੁਭਾਵ, ਕਰਮ, ਪੁਰਸ਼ਾਰਥ ਅਤੇ ਨਿਯੱਤੀ ਵੀ ਨਹੀਂ। ਇਕ ਆਦਮੀ ਪਾਪ ਜਾਂ ਪੁਨ ਦਾ ਕੰਮ ਕਰਦਾ ਹੈ ਪਰ ਉਸਨੂੰ ਉਸ ਸਮੇਂ ਫਲ ਨਹੀਂ ਮਿਲਦਾ। ਸਮਾਂ (ਕਾਲ) ਪੈਣ ਤੇ ਹੀ ਉਸਨੂੰ ਚੰਗਾ, ਬੁਰਾ ਫਲ ਪ੍ਰਾਪਤ ਹੁੰਦਾ ਹੈ। ਇਕ ਬਚਾ ਅਜ ਪੈਦਾ ਹੁੰਦਾ ਹੈ। ਉਸਨੂੰ ਕਿੰਨਾਂ ਹੀ ਚਲਣ ਲਈ ਆਖੋ, ਨਹੀਂ ਚਲੇਗਾ। ਕਿੰਨਾਂ ਹੀ ਬੋਲਣ ਲਈ ਆਖੋ, ਨਹੀਂ ਬੋਲੇਗਾ ਜੋ ਬਾਲਕ ਅਜ ਸੇਰ ਵਜ਼ਨ ਨਹੀਂ ਚੁਕ ਸਕਦਾ, ਉਹ ਕਾਲ ਦੇ ਅਧੀਨ ਨੌਜਵਾਨ ਹੋਣ

ਤੇ ਮਣ ਵਜ਼ਨ ਚੁਕ ਲੈਂਦਾ ਹੈ। ਅੰਬ ਦਾ ਦਰਖਤ ਅਜ ਹੀ ਬੀਜਿਆ ਹੈ। ਕੀ ਉਸਦੇ ਅਜ ਹੀ ਅੰਬ ਚਖ ਸਕਦੇ ਹ ? ਸਾਲਾਂ ਬਾਦ ਕਿਤੇ ਜਾ ਕੇ ਅੰਬਾਂ ਦੇ ਦਰਸ਼ਨ ਹੁੰਦੇ ਹਨ। ਗਰਮੀ ਦੀ ਰੁੱਤ (ਕਾਲ) ਵਿਚ ਗਰਮੀ ਪੈਂਦੀ ਹੈ ਤੇ ਸਰਦੀ ਦੀ ਰੁਤ ਵਿਚ ਸਰਦੀ। ਜਵਾਨੀ ਵਿਚ ਹੀ ਮਨੁਖ ਦੇ ਦਾੜ੍ਹੀ ਮੁੱਛਾਂ ਆਉਂਦੀਆਂ ਹਨ। ਮਨੁੱਖ ਕਾਲ ਤੋਂ ਬਿਨਾ ਕੁਝ ਨਹੀਂ ਕਰ ਸਕਦਾ। ਸਮਾਂ (ਕਾਲ) ਆਉਣ ਤੇ ਸਭ ਕੰਮ ਹੋ ਜਾਂਦੇ ਹਨ। ਸਮਾਂ (ਕਾਲ) ਦੀ ਬੜੀ ਮਹਿਮਾ ਹੈ।

* **ਸੁਭਾਵਵਾਦ :**

ਇਹ ਦਰਸ਼ਨ ਵੀ ਘੱਟ ਵਜ਼ਨ-ਦਾਰ ਨਹੀਂ। ਇਹ ਵੀ ਆਪਣੇ ਹੱਕ ਵਿਚ ਚੰਗੇ ਤਰਕ ਰਖਦਾ ਹੈ। ਇਸ ਦਾ ਕਹਿਣਾ ਹੈ ਕਿ ਸੰਸਾਰ ਵਿਚ ਜੋ ਕੁਝ ਵੀ ਹੋ ਰਿਹਾ ਹੈ ਸਭ ਵਸਤਾਂ ਦੇ ਸੁਭਾਵ (ਆਦਤਾਂ) ਦੇ ਪ੍ਰਭਾਵ ਹੇਠ ਹੋ ਰਿਹਾ ਹੈ। ਸੁਭਾਵ ਤੋਂ ਬਿਨਾ ਕਾਲ, ਕਰਮ, ਨੀਤੀ ਆਦਿ ਕੁਝ ਵੀ ਨਹੀਂ ਕਰ ਸਕਦੇ। ਅੰਬ ਦੀ ਗੁਠਲੀ ਵਿਚ ਅੰਬ ਦਾ ਬੀਜ ਹੋਣਾ ਸੁਭਾਵਿਕ ਹੈ। ਇਸਦੇ ਕਾਰਣ ਹੀ ਮਾਲੀ ਦੀ ਮਿਹਨਤ ਸਫਲ ਹੁੰਦੀ ਹੈ ਤੇ ਸਮਾਂ ਆਉਣ ਤੇ ਦਰਖਤ ਹੋ ਜਾਦਾ ਹੈ। ਜੇ ਕਾਲ ਹੀ ਸਭ ਕੁਝ ਕਰ ਸਕਦਾ ਹੈ ਤਾਂ ਕੀ ਨਿਮ ਦੀ ਨਿਮੋਲੀ ਵਿਚੋਂ ਅਬ ਪੈਦਾ ਹੋ ਸਕਦਾ ਹੈ ? ਕਦੇ ਨਹੀਂ। ਸੁਭਾਵ ਬਦਲਣਾ

ਕਠਿਨ ਹੀ ਨਹੀਂ ਸਗੋਂ ਅਸੰਭਵ ਹੈ। ਨਿੰਮ ਦੇ ਦਰਖਤ ਨੂੰ ਚਾਹੇ ਗੁੜ ਦੇ ਪਾਣੀ ਨਾਲ ਸਿੰਜਦੇ ਰਹੋ। ਕੀ ਉਹ ਮਿੱਠਾ ਹੋ ਸਕਦਾ ਹੈ ? ਦਹੀਂ ਜਮਾਉਣ ਨਾਲ ਹੀ ਮੱਖਣ ਨਿਕਲਦਾ ਹੈ, ਪਾਣੀ ਨਾਲ ਨਹੀਂ। ਕਿਉਂਕਿ ਦਹੀਂ ਵਿਚ ਮੱਖਣ ਦੇਣ ਦਾ ਹੀ ਸੁਭਾਵ ਹੈ। ਅੱਗ ਦਾ ਸੁਭਾਵ ਗਰਮ ਹੈ ਤੇ ਪਾਣੀ ਦਾ ਸੁਭਾਵ ਠੰਡਾ। ਸੂਰਜ ਦਾ ਸੁਭਾਵ ਦਿਨ ਕਰਨਾ ਹੈ ਤੇ ਤਾਰਿਆਂ ਦਾ ਰਾਤ ਕਰਨੀ। ਹਰ ਵਸਤ ਆਪਣੇ ਸੁਭਾਵ ਅਨੁਸਾਰ ਹੀ ਕੰਮ ਕਰ ਰਹੀ ਹੈ। ਇਸ ਅੱਗੇ ਵਿਚਾਰੇ ਕਾਲ ਆਦਿ ਕੀ ਕਰ ਸਕਦੇ ਹਨ ?

## * ਕਰਮਵਾਦ

ਇਹ ਦਰਸ਼ਨ ਪ੍ਰਮੁਖ ਭਾਰਤੀ ਦਰਸ਼ਨ ਹੈ। ਇਕ ਬਲ-ਭਰਪੂਰ ਦਾਰਸ਼ਨਿਕ ਵਿਚਾਰਧਾਰਾ ਹੈ। ਕਰਮਵਾਦ ਦਾ ਕਹਿਣਾ ਹੈ ਕਿ ਕਾਲ, ਸੁਭਾਵ, ਨੀਤੀ ਤੇ ਪੁਰਸ਼ਾਰਥ ਆਦਿ ਮੇਰੇ ਅੱਗੇ ਕੁਝ ਵੀ ਨਹੀਂ ਹਨ। ਸੰਸਾਰ ਵਿਚ ਸਾਰੇ ਪਾਸੇ ਕਰਮ ਦਾ ਹੀ ਇਕ ਛੱਤਰ-ਰਾਜ ਹੈ। ਵੇਖੋ— ਇਕ ਮਾਂ ਦੇ ਇਕ ਵਾਰ ਵਿਚ ਦੋ ਪੁਤਰ ਜੰਮਦੇ ਹਨ ਇਕ ਬੁਧੀਮਾਨ ਹੈ ਤੇ ਦੂਸਰਾ ਨਿਰਾ ਮੂਰਖ। ਬਾਹਰਲੀ ਸਥਿਤੀ ਇਕ ਹੋਣ ਦੇ ਬਾਵਜੂਦ ਇੰਨਾ ਫਰਕ ਕਿਉਂ ? ਇਸ ਭੇਦ ਦਾ ਕਾਰਣ ਕਰਮ ਹੈ। ਇਕ ਰਿਕਸ਼ਾ ਵਿਚ ਬੈਠਣ ਵਾਲਾ ਹੈ ਤੇ ਦੂਸਰਾ ਪਸ਼ੂ ਵਾਂਗ ਖਿੱਚਣ ਵਾਲਾ ਹੈ। ਮਨੁਖ ਦੇ ਰਿਸ਼ਤੇ ਨਾਲ ਉਹ ਬਰਾਬਰ ਹਨ। ਉਸਨੂੰ ਪਰ ਕਰਮਾਂ ਦੇ

ਕਾਰਣ ਭੇਦ ਹੈ। ਬੜੇ-ਬੜੇ ਚਤੁਰ ਪੁਰਸ਼ ਭੁਖੇ ਮਰਦੇ ਹਨ। ਮਹਾਂਮੂਰਖ ਗਦੀਆਂ ਤੇ ਆਰਾਮ ਕਰਦੇ ਹਨ। ਇਕ ਨੂੰ ਮੰਗਣ ਤੇ ਵੀ ਨਹੀਂ ਮਿਲਦਾ, ਦੂਸਰਾ ਹਰ ਰੋਜ਼ ਸੈਂਕੜੇ ਰੁਪੈ ਖਰਚ ਕਰ ਦਿੰਦਾ ਹੈ। ਇਕ ਦੇ ਸਰੀਰ ਤੇ ਕਪੜੇ ਦੇ ਨਾਮ ਮਾਤਰ ਚੀਥੜਾ ਵੀ ਨਹੀਂ, ਦੂਸਰੇ ਦੇ ਕੁੱਤੇ ਮਖਮਲ ਦੇ ਗੁਦੈਲੇ ਤੇ ਸੌਂਦੇ ਹਨ। ਇਹ ਸਭ ਕੀ ਹੈ? ਆਪਣੇ-ਆਪਣੇ ਕਰਮ ਹਨ। ਰਾਜਾ ਤੋਂ ਗਰੀਬ, ਗਰੀਬ ਤੋਂ ਰਾਜਾ ਬਨਾਉਣਾ ਕਰਮ ਦੇ ਖੱਬੇ ਹੱਥ ਦਾ ਖੇਲ ਹੈ। ਤਦ ਹੀ ਤਾਂ ਇਕ ਮਹਾਂਪੁਰਸ਼ ਨੇ ਕਿਹਾ ਹੈ 'ਗਹ੍ਨਾ ਕਰਮਣੋ ਗਤਿ:' ਅਰਥਾਤ ਕਰਮ ਦੀ ਗਤੀ ਬੜੀ ਡੂੰਘੀ ਹੈ।

## * ਪੁਰਸ਼ਾਰਥਵਾਦ

ਇਹ ਵਾਦ ਸੰਸਾਰ ਵਿਚ ਘੱਟ ਪ੍ਰਭਾਵਸ਼ਾਲੀ ਨਹੀਂ ਹੈ। ਇਹ ਠੀਕ ਹੈ ਲੋਕਾਂ ਨੇ ਪੁਰਸ਼ਾਰਥਵਾਦ ਨੂੰ ਅਜੇ ਚੰਗੀ ਤਰ੍ਹਾਂ ਨਹੀਂ ਸਮਝਿਆ ਤੇ ਕਰਮ, ਸੁਭਾਵ ਅਤੇ ਕਾਲ ਆਦਿ "ਵਾਦਾਂ" ਨੂੰ ਹੀ ਜ਼ਿਆਦਾ ਮਹੱਤਵ ਪ੍ਰਦਾਨ ਕੀਤਾ ਹੈ। ਪਰ ਪੁਰਸ਼ਾਰਥਵਾਦ ਦਾ ਕਹਿਣਾ ਹੈ ਕਿ ਬਿਨਾ ਪੁਰਸ਼ਾਰਥ (ਮੇਹਨਤ) ਸੰਸਾਰ ਦਾ ਕੋਈ ਵੀ ਕੰਮ ਸੰਭਵ ਨਹੀਂ ਹੋ ਸਕਦਾ। ਸੰਸਾਰ ਵਿਚ ਜਿੱਥੇ ਵੀ ਕੋਈ ਕਿਸੇ ਵੀ ਤਰ੍ਹਾਂ ਦਾ ਕੰਮ ਹੁੰਦਾ ਹੈ, ਉਸਦੇ ਪਿੱਛੇ ਪੁਰਸ਼ਾਰਥ ਦੀ ਸ਼ਕਤੀ ਛਿਪੀ ਹੁਦੀ ਹੈ। ਪਰ ਜੇਕਰ ਉਸ ਸਮੇਂ ਮੇਹਨਤ ਨਾ ਹੋਵੇ ਤਾਂ ਅੰਬ ਦੀ ਗੁਠਲੀ ਦੇ ਸੁਭਾਵ ਦਾ ਕੀ ਬਣੇ? ਕਰਮਾਂ ਦਾ

ਫਲ ਬਿਨਾਂ ਮੇਹਨਤ ਦੇ ਹੱਥ ਕਿਵੇਂ ਆਵੇਗਾ ? ਸੰਸਾਰ ਵਿਚ ਮਨੁਖ ਨੇ ਜੋ ਉੱਨਤੀ ਕੀਤੀ ਹੈ ਉਹ ਸਖਤ ਮੇਹਨਤ ਦੇ ਕਾਰਣ ਹੀ ਕੀਤੀ ਹੈ। ਅੱਜ ਦਾ ਮਨੁਖ ਹਵਾ ਵਿਚ ਉਡ ਰਿਹਾ ਹੈ। ਪ੍ਰਮਾਣੂ-ਬੰਬ ਜੇਹੀ ਬੜੀ ਖੋਜ ਵਿਚ ਸਫਲ ਹੋਇਆ ਹੈ। ਇਹ ਮਨੁਖ ਦਾ ਆਪਣਾ ਪੁਰਸ਼ਾਰਥ ਨਹੀਂ ਤਾਂ ਹੋਰ ਕੀ ਹੈ ? ਇਕ ਮਨੁਖ ਕਈ ਦਿਨਾਂ ਤੋਂ ਭੁਖਾ ਹੈ। ਕੋਈ ਦਿਆਲੂ ਉਸਦੇ ਸਾਹਮਣੇ ਮਿਠਾਈ ਦਾ ਥਾਲ ਰਖ ਦਿੰਦਾ ਹੈ ਉਹ ਨਹੀਂ ਖਾ ਸਕਦਾ। ਉਸ ਨੂੰ ਖਾਣ ਲਈ ਵੀ ਪੁਰਸ਼ਾਰਥ ਦੀ ਜ਼ਰੂਰਤ ਹੈ ਬੇਸ਼ਕ ਮਿਠਾਈ ਮੂੰਹ ਵਿਚ ਹੀ ਪਾ ਦਿਤੀ ਜਾਵੇ। ਮਿਠਾਈ ਨੂੰ ਚਬਾਉਣ ਜਾਂ ਪੇਟ ਵਿਚ ਪੁਚਾਉਣ ਲਈ ਮੇਹਨਤ ਕਰਨੀ ਪਵੇਗੀ। ਸੁੱਤੇ ਸ਼ੇਰ ਦੇ ਮੂੰਹ ਵਿਚ ਸ਼ਿਕਾਰ ਆਪਣੇ ਆਪ ਹੀ ਨਹੀਂ ਆ ਜਾਂਦਾ। ਤਾਂ ਹੀ ਆਖਿਆ ਗਿਆ ਹੈ : "ਪੁਰਸ਼ ਹੋ, ਪੁਰਸ਼ਾਰਥ ਕਰੋ, ਉਠੋ !"

## * ਨਿਯੱਤੀਵਾਦ

ਇਹ ਦਰਸ਼ਨ ਜ਼ਰਾ ਗੰਭੀਰ ਹੈ। ਕੁਦਰਤ ਦੇ ਅਟੱਲ ਨਿਯਮਾਂ ਨੂੰ ਨਿਯੱਤੀ ਕਹਿੰਦੇ ਹਨ। ਨਿਯੱਤੀਵਾਦ ਦਾ ਕਹਿਣਾ ਹੈ ਕਿ ਸੰਸਾਰ ਵਿਚ ਜਿੰਨੇ ਵੀ ਕੰਮ ਹੁੰਦੇ ਹਨ, ਉਹ ਕੁਦਰਤ ਦੇ ਨੇਮ ਹੇਠ ਹੁੰਦੇ ਹਨ। ਸੂਰਜ ਪੂਰਬ ਵਲੋਂ ਨਿਕਲਦਾ ਹੈ, ਪੱਛਮ ਵਲੋਂ ਕਿਉਂ ਨਹੀਂ ? ਕਮਲ ਪਾਣੀ ਵਿਚ ਪੈਦਾ

ਹੁੰਦਾ ਹੈ, ਪੱਥਰ ਤੇ ਕਿਉਂ ਨਹੀਂ ? ਪੰਛੀ ਹੀ ਆਕਾਸ਼ ਵਿਚ ਉਡਦੇ ਹਨ, ਗਧੇ, ਘੋੜੇ ਕਿਉਂ ਨਹੀਂ । ਹੰਸ ਸਫੈਦ ਹਨ, ਕੋਇਲ ਕਾਲੀ ਕਿਉਂ ? ਪਸ਼ੂ ਦੇ ਚਾਰ ਪੈਰ ਹਨ, ਮਨੁੱਖ ਦੇ ਦੋ ਕਿਉਂ ? ਅੱਗ ਦੀ ਲਾਟ ਉੱਪਰ ਨੂੰ ਕਿਉਂ ਜਾਂਦੀ ਹੈ ਅਤੇ ਪਾਣੀ ਨਿਮਾਣ ਵਲ ਕਿਉਂ ਵਗਦਾ ਹੈ ? ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਕੇਵਲ ਇਹੋ ਹੈ ਕਿ ਕੁਦਰਤੀ ਨਿਯਮ ਹੈ। ਜੇਕਰ ਇਹ ਕੁਦਰਤੀ ਨਿਯਮ ਨਾ ਹੋਣ ਤਾਂ ਸੰਸਾਰ ਦਾ ਵਿਨਾਸ਼ ਹੋ ਜਾਵੇਗਾ। ਸੂਰਜ ਪੱਛਮ ਵਲੋਂ ਨਿਕਲੇ, ਅੱਗ ਠੰਡੀ ਹੋ ਜਾਵੇ, ਗਧੇ, ਘੋੜੇ ਆਕਾਸ਼ ਵਿਚ ਉੱਡਣ ਲਗ ਜਾਣ ਤਾਂ ਫੇਰ ਸੰਸਾਰ ਵਿਚ ਵਿਵਸਥਾ ਨਾ ਰਹੇ। ਕੁਦਰਤ ਦੇ ਅੱਟਲ ਸਿਧਾਂਤ ਦੇ ਅੱਗੇ ਸਾਰੇ ਸਿਧਾਂਤ ਤੁੱਛ ਹਨ। ਕੋਈ ਵਿਅਕਤੀ ਕੁਦਰਤੀ ਨਿਯਮਾਂ ਦੇ ਵਿਰੁਧ ਨਹੀਂ ਹੋ ਸਕਦਾ। ਇਸ ਲਈ ਨਿਯੱਤੀ ਮਹਾਨ ਹੈ।

ਭਗਵਾਨ ਮਹਾਵੀਰ ਨੇ ਏਕਾਂਤਵਾਦ ਦੀ ਸਮਸਿਆ ਨੂੰ ਚੰਗੀ ਤਰ੍ਹਾਂ ਸਮਝਿਆ ਤੇ ਇਸਦਾ ਹਲ ਕੀਤਾ। ਸੰਸਾਰ ਦੇ ਅੱਗੇ ਸਾਰੇ ਸਿਧਾਂਤਾਂ ਵਿਚ ਏਕਤਾ ਦੀ ਗੱਲ ਰਖੀ ਗਈ ਹੈ ਜੋ ਪੂਰੀ ਤਰ੍ਹਾਂ ਸੱਚ ਤੇ ਆਧਾਰਿਤ ਹੈ।

### ❀ ਸਮਨਵਯਵਾਦ
(ਸਿਧਾਂਤਾਂ ਦੀ ਆਪਸੀ ਏਕਤਾ)

ਭਗਵਾਨ ਮਹਾਵੀਰ ਦਾ ਕਹਿਣਾ ਹੈ ਕਿ ਪੰਜੇ ਹੀ ਵਾਦ ਆਪਣੀ ਥਾਂ ਤੇ ਠੀਕ ਹਨ। ਸੰਸਾਰ ਵਿਚ ਜੋ ਭੀ ਕੰਮ

ਹੁਦਾ ਹੈ ਇਨ੍ਹਾਂ ਪੰਜਾਂ ਦੇ ਸੁਮੇਲ (ਏਕਤਾ) ਨਾਲ ਹੀ ਹੁੰਦਾ ਹੈ। ਇਸ ਤਰ੍ਹਾਂ ਨਹੀਂ ਹੋ ਸਕਦਾ ਕਿ ਇਕ ਹੀ ਆਪਣੇ ਬਲ ਤੇ ਹੀ ਕੰਮ ਸਿੱਧ ਕਰੇ। ਬੁਧੀਮਾਨ ਮਨੁੱਖ ਨੂੰ ਜਿੱਦ ਛੱਡਕੇ ਸਾਰੇ ਸਿਧਾਂਤਾਂ ਵਿਚ ਮੇਲ ਬਿਠਾਉਣਾ ਚਾਹੀਦਾ ਹੈ। ਬਿਨਾਂ ਸਿਧਾਂਤਾਂ ਦੀ ਏਕਤਾ ਦੇ ਸਫਲਤਾ ਨਹੀਂ ਪ੍ਰਾਪਤ ਹੋ ਸਕਦੀ। ਇਹ ਹੋ ਸਕਦਾ ਹੈ ਕਿ ਕਿਸੇ ਕੰਮ ਵਿਚ ਕੋਈ ਇਕ ਸਿਧਾਂਤ ਪ੍ਰਮੁੱਖ ਹੋਵੇ ਤੇ ਦੂਸਰੇ ਕੁਝ ਘੱਟ ਹੋਣ। ਪਰ ਇਹ ਨਹੀਂ ਹੋ ਸਕਦਾ ਕਿ ਇਕ ਸਿਧਾਂਤ ਨਾਲ ਹੀ ਸਾਰੇ ਕੰਮ ਪੂਰੇ ਹੋਣ।

ਭਗਵਾਨ ਮਹਾਂਵੀਰ ਦਾ ਉਪਦੇਸ਼ ਪੂਰਣ ਸੱਚ ਹੈ। ਸਾਨੂੰ ਇਸਨੂੰ ਸਮਝਣ ਲਈ ਅੰਬਾਂ ਵਾਲਾ ਉਦਾਹਰਣ ਲੈਣਾ ਚਾਹੀਦਾ ਹੈ। ਮਾਲੀ ਬਾਗ ਵਿਚ ਅੰਬ ਬੀਜਦਾ ਹੈ। ਇਥੇ ਪੰਜਾਂ ਸਿਧਾਂਤਾਂ ਦਾ ਮੇਲ ਹੀ ਦਰਖ਼ਤ ਹੋਵੇਗਾ। ਅੰਬ ਦੀ ਗੁਠਲੀ ਵਿਚ ਅੰਬ ਪੈਦਾ ਕਰਨ ਦਾ ਸੁਭਾਵ ਹੈ। ਬੀਜੇ ਹੋਏ ਬੀਜ ਦੀ ਰਾਖੀ ਲਈ ਪੁਰਸ਼ਾਰਥ ਦੀ ਲੋੜ ਹੈ। ਪੁਰਸ਼ਾਰਥ ਵੀ ਕਰ ਲਿਆ ਪਰ ਬਿਨਾਂ ਕਾਲ ਦੇ ਤਿਆਰ ਨਹੀਂ ਹੋਵੇਗਾ। ਕਾਲ ਦੀ ਹੱਦ ਪੂਰੀ ਹੋਣ ਤੇ ਜੇ ਕਿਸਮਤ ਚੰਗੀ ਨ ਹੋਵੇ ਤਾਂ ਅੰਬ ਪ੍ਰਾਪਤ ਨਹੀਂ ਹੋ ਸਕਦਾ। ਕਦੇ ਕਦੇ ਕਿਨਾਰੇ ਤੇ ਲਗਿਆ ਜਹਾਜ਼ ਵੀ ਡੁੱਬ ਜਾਂਦਾ ਹੈ। ਹੁਣ ਰਹੀ ਕੁਦਰਤ ਦੀ ਗਲ। ਉਹ ਤੇ ਸਭ ਕੁੱਝ ਹੈ ਹੀ। ਅੰਬ ਤੋਂ ਅੰਬ ਹੋਣਾ ਕੁਦਰਤ ਦਾ ਅਟੱਲ ਨਿਯਮ ਹੈ। ਇਸ ਤੋਂ ਕੌਣ ਇਨਕਾਰ ਕਰ ਸਕਦਾ ਹੈ।

ਪੜ੍ਹਨ ਵਾਲੇ ਵਿਦਿਆਰਥੀ ਲਈ ਪੰਜੇ ਵਾਦ ਜ਼ਰੂਰ

ਹਨ । ਪੜ੍ਹਨ ਲਈ ਮਨ ਦੀ ਇਕਾਗਰਤਾ ਦਾ ਸੁਭਾਵ ਹੋਵੇ । ਸਮਾਂ ਭੀ ਦਿੱਤਾ ਹੋਵੇ । ਪੁਰਸ਼ਾਰਥ (ਕੋਸ਼ਿਸ਼, ਮੇਹਨਤ) ਵੀ ਕੀਤਾ ਹੋਵੇ । ਚੰਗੀ ਕਿਸਮਤ ਹੋਵੇ ਤੇ ਭੈੜੇ ਕਰਮ ਖਤਮ ਹੋ ਚੁੱਕੇ ਹੋਣ ਤੇ ਕੁਦਰਤ ਦੇ ਨਿਯਮਾਂ ਦਾ ਧਿਆਨ ਹੋਵੇ ਤਾਂ ਹੀ ਪੜ੍ਹ ਲਿਖਕੇ ਵਿਦਵਾਨ ਹੋ ਸਕਦਾ ਹੈ । ਅਨੇਕਾਂਤਵਾਦ ਰਾਹੀਂ ਹੀ ਕੀਤੀ ਜਾਣ ਵਾਲੀ ਇਹ ਸਿਧਾਂਤਿਕ ਏਕਤਾ ਜਨਤਾ ਨੂੰ ਸੱਚ ਦਾ ਪ੍ਰਕਾਸ਼ ਵਿਖਾਉਂਦੀ ਹੈ ।

* * *



# ਨੈਤਿਕਤਾ ਦਾ ਮੂਲ ਆਧਾਰ : ਕਰਮਵਾਦ

ਦਾਰਸ਼ਨਿਕ ਵਾਦਾਂ ਦੀ ਦੁਨੀਆਂ ਵਿਚ ਕਰਮਵਾਦ ਵੀ ਆਪਣਾ ਖਾਸ ਮਿਥਿਆ ਹੋਇਆ ਥਾਂ ਰਖਦਾ ਹੈ। ਜੈਨ ਧਰਮ ਦੀ ਸਿਧਾਂਤਕ ਵਿਚਾਰਧਾਰਾ ਵਿਚ ਤਾਂ ਕਰਮਵਾਦ ਦੀ ਆਪਣੀ ਵਿਸ਼ੇਸ਼ ਥਾਂ ਹੈ। ਬਲਕਿ ਇਹ ਕਹਿਣਾ ਜ਼ਿਆਦਾ ਠੀਕ ਹੋਵੇਗਾ ਕਿ ਕਰਮਵਾਦ ਨੂੰ ਸਮਝੇ ਬਿਨਾਂ ਜੈਨ ਸੰਸਕ੍ਰਿਤੀ ਤੇ ਜੈਨ ਧਰਮ ਦਾ ਠੀਕ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਜੈਨ ਧਰਮ ਤੇ ਜੈਨ ਸੰਸਕ੍ਰਿਤੀ ਦਾ ਵਿਸ਼ਾਲ ਮਹਿਲ ਕਰਮ-ਵਾਦ ਦੀ ਡੂੰਘੀ ਤੇ ਪੱਕੀ ਨੀਂਵ ਤੇ ਖੜਾ ਹੈ। ਇਸ ਲਈ, ਆਓ ! ਕਰਮਵਾਦ ਦੇ ਸੰਬੰਧ ਵਿਚ ਕੁਝ ਪ੍ਰਮੁਖ ਗਲਾਂ ਸਮਝ ਲਈਏ।

## * ਕਰਮਵਾਦ ਦਾ ਅਰਥ

ਕਰਮਵਾਦ ਦੀ ਧਾਰਨਾ ਹੈ ਕਿ ਸੰਸਾਰੀ ਆਤਮਾਵਾਂ ਦੀ ਸੁੱਖ-ਦੁਖ, ਸੰਪਤੀ-ਆਪਤੀ ਤੇ ਊਚ-ਨੀਚ ਆਦਿ ਜਿਨੀਆਂ

ਵੀ ਭਿੰਨ ਭਿੰਨ ਅਵਸਥਾਵਾਂ ਵਿਖਾਈ ਦਿੰਦੀਆਂ ਹਨ, ਉਨ੍ਹਾਂ ਸਾਰੀਆਂ ਵਿਚ ਕਾਲ ਤੇ ਸੁਭਾਵ ਆਦਿ ਦੀ ਤਰ੍ਹਾਂ "ਕਰਮ" ਵੀ ਇਕ ਮੁਖ ਕਾਰਨ ਹੈ। ਜੈਨ ਦਰਸ਼ਨ ਜੀਵਾਂ ਦੀ ਇਹਨਾਂ ਹਾਲਤਾਂ ਵਿਚ ਈਸ਼ਵਰ ਨੂੰ ਕਾਰਨ ਨਾ ਸਮਝਕੇ (ਮੰਨਕੇ) ਕਰਮਾਂ ਨੂੰ ਹੀ ਕਾਰਨ ਮੰਨਦਾ ਹੈ। ਅਧਿਆਤਮਕ-ਸ਼ਾਸਤਰ ਦੇ ਡੂੰਘੇ ਸੰਤ ਦੇਵ ਚੰਦਰ ਜੀ ਨੇ ਕਿਹਾ ਹੈ ਕਿ

"रे जीव साहस आदरो, मत थावो तुम दीन,
सुख-दुःख, सम्पद्, आपदा, पूर्व कर्म अधीन ॥"

ਇਸ ਲਈ ਨਿਆਂ, ਵੈਸ਼ੇਸ਼ਿਕ, ਸਾਂਖਯ, ਯੋਗ ਤੇ ਵੇਦਾਂਤ ਆਦਿਕ ਵੈਦਿਕ ਦਰਸ਼ਨਾਂ ਵਿਚ ਈਸ਼ਵਰ ਨੂੰ ਜਗਤਾ ਦਾ ਕਰਤਾ ਤੇ ਕਰਮਫਲ ਦਾ ਦਾਤਾ ਮੰਨਿਆ ਗਿਆ ਹੈ। ਪਰ ਜੈਨ-ਦਰਸ਼ਨ ਵਿਚ ਸਰਿਸ਼ਟੀ ਕਰਤਾ ਤੇ ਕਰਮਫਲ ਦਾਤਾ ਦੇ ਰੂਪ ਵਿਚ ਈਸ਼ਵਰ ਦੀ ਕਲਪਨਾ ਨਹੀਂ ਕਰਦਾ। ਜੈਨ-ਧਰਮ ਦਾ ਕਹਿਣਾ ਹੈ ਕਿ ਜੀਵ ਜਿਸ ਤਰ੍ਹਾਂ ਦੇ ਕਰਮ (ਕੰਮ) ਕਰਨ ਵਿਚ ਆਜ਼ਾਦ ਹੈ ਉਸੀ ਪ੍ਰਕਾਰ ਫਲ ਭੋਗਨ ਵਿਚ ਵੀ ਆਜ਼ਾਦ ਹੈ। ਮੱਕੜੀ ਖੁਦ ਹੀ ਜਾਲਾ ਬੁਣਦੀ ਹੈ। ਇਸ ਸੰਬੰਧ ਵਿਚ ਆਤਮਾ ਦੇ ਲੱਛਣ ਦਸਦੇ ਹੋਏ ਇਕ ਵਿਦਵਾਨ ਆਚਾਰੀਆ ਕਿੰਨਾਂ ਚੰਗਾ ਆਖਦਾ ਹੈ :—

स्वयं कर्म करोत्यात्मा, स्वयं तत्फलमश्नुते,
स्वयं भ्रमति संसारे, स्वयं तस्माद् विमुच्यते।

ਇਹ ਆਤਮਾ ਖੁਦ ਹੀ ਕਰਮ ਦਾ ਕਰਨ ਵਾਲਾ

ਹੈ ਤੇ ਭੋਗਣ ਵਾਲਾ ਖੁਦ ਹੀ ਸੰਸਾਰ ਦੇ ਚਕਰ ਵਿਚ ਫਸਦਾ ਹੈ ਤੇ ਇਕ ਦਿਨ ਧਰਮ-ਸਾਧਨਾ ਰਾਹੀਂ ਸੰਸਾਰ ਤੋਂ ਮੁਕਤ ਹੋ ਜਾਂਦਾ ਹੈ।

### ❀ ਦੋਸ਼ਾਂ ਦਾ ਹਲ

ਈਸ਼ਵਰ-ਵਾਦੀਆਂ ਵਲੋਂ ਕਰਮਵਾਦ ਤੇ ਕੁਝ ਦਸ਼ ਲਾਏ ਗਏ ਹਨ। ਪਰ ਜੈਨ-ਧਰਮ ਦਾ ਇਹ ਮਹਾਨ ਸਿਧਾਂਤ ਵਿਰੋਧੀਆਂ ਦੀ ਪ੍ਰੀਖਿਆ ਰੂਪੀ ਅੱਗ ਵਿਚੋਂ ਹੋਰ ਉੱਜਲ ਤੇ ਚਮਕਦਾਰ ਹੋ ਕੇ ਨਿਕਲਦਾ ਹੈ। ਸਾਰੇ ਦੋਸ਼ ਇਥੇ ਦਸਣ ਦੀ ਫੁਰਸਤ ਨਹੀਂ ਫਿਰ ਵੀ ਮੁੱਖ-ਮੁੱਖ ਦੋਸ਼ ਜਾਣ ਲੈਣੇ ਜ਼ਰੂਰੀ ਹਨ। ਜ਼ਰਾ ਧਿਆਨ ਨਾਲ ਪੜ੍ਹੋ:—

* ਹਰ ਆਤਮਾ ਚੰਗੇ-ਮਾੜੇ ਕੰਮ ਕਰਦੀ ਹੈ, ਪਰ ਬੁਰੇ ਕਰਮਾਂ ਦਾ ਫਲ ਕੋਈ ਵੀ ਨਹੀਂ ਚਾਹੁੰਦਾ। ਚੋਰ ਚੋਰੀ ਕਰਦਾ ਹੈ ਪਰ ਉਹ ਇਹ ਕਦੋਂ ਚਾਹੁੰਦਾ ਹੈ ਕਿ ਮੈਂ ਫੜਿਆ ਜਾਵਾਂ ? ਦੂਸਰੀ ਗੱਲ ਇਹ ਹੈ ਕਿ ਕਰਮ ਆਪ ਜੜ (ਬੇਜਾਨ) ਰੂਪ ਹੋਣ ਕਰਕੇ ਉਹ ਕਿਸੇ ਵੀ ਰੱਬੀ ਚੇਤਨਾ ਦੀ ਪ੍ਰੇਰਣਾ ਤੋਂ ਬਿਨਾਂ ਫਲ ਦੇਣ ਤੋਂ ਅਸਮਰਥ ਹਨ। ਫਿਰ ਵੀ ਕਰਮਵਾਦੀਆਂ ਨੂੰ ਮੰਨਣਾ ਚਾਹੀਦਾ ਹੈ ਕਿ ਈਸ਼ਵਰ ਪ੍ਰਾਣੀਆਂ ਨੂੰ ਕਰਮ-ਫਲ ਦਿੰਦਾ ਹੈ।
* ਕਰਮਵਾਦ ਦਾ ਇਹ ਸਿਧਾਂਤ ਠੀਕ ਨਹੀਂ ਹੈ ਕਿ

ਕਰਮ ਤ ਛੁਟਕਾਰਾ ਪਾ ਕੇ ਸਾਰੇ ਜੀਵ ਮੁਕਤ ਜਾਂ ਈਸ਼ਵਰ ਹੋ ਜਾਂਦੇ ਹਨ। ਇਹ ਮਾਨਤਾ ਤਾਂ ਈਸ਼ਵਰ ਤੇ ਜੀਵ ਵਿਚ ਕੋਈ ਅੰਤਰ ਨਹੀਂ ਰਹਿਣ ਦਿੰਦੀ ਜੋ ਕਿ ਅਤਿ ਜ਼ਰੂਰੀ ਹੈ।

ਜੈਨ-ਦਰਸ਼ਨ ਨੇ ਉਪਰਲੇ ਦੋਸ਼ਾਂ ਦਾ ਸੁੰਦਰ ਤੇ ਯੁਕਤੀ ਭਰਪੂਰ ਉੱਤਰ ਦਿੱਤਾ ਹੈ। ਜੈਨ-ਧਰਮ ਦਾ ਕਰਮਵਾਦ ਕੋਈ ਰੇਤ ਦਾ ਕਿਲਾ ਨਹੀਂ ਜੋ ਇਕੋ ਝਟਕੇ ਨਾਲ ਢਹਿ ਜਾਵੇ ਇਸਦਾ ਨਿਰਮਾਣ ਤਾਂ ਅਨੇਕਾਂਤਵਾਦ ਦੀ ਪਥਰ ਵਾਲੀ ਨੀਂਵ ਉੱਤੇ ਹੋਇਆ ਹੈ। ਹਾਂ, ਤਾਂ, ਇਸਦੇ ਹਲ ਦਾ ਢਗ ਵੇਖੋ :—

ਆਤਮਾ ਜਿਸ ਪ੍ਰਕਾਰ ਦੇ ਕਰਮ ਕਰਦਾ ਹੈ ਉਸ ਨੂੰ ਉਸੇ ਪ੍ਰਕਾਰ ਦਾ ਫਲ ਮਿਲ ਜਾਂਦਾ ਹੈ ਇਹ ਠੀਕ ਹੈ ਕਿ ਕਰਮ ਆਪ ਜੜ-ਰੂਪ ਹਨ ਅਤੇ ਬੁਰੇ ਕਰਮਾਂ ਦਾ ਫਲ ਵੀ ਕੋਈ ਨਹੀਂ ਚਾਹੁੰਦਾ ਪਰ ਇਹ ਗੱਲ ਧਿਆਨ ਦੇਣ ਯਗ ਹੈ ਕਿ ਚੇਤਨ ਦੇ ਮੇਲ-ਨਾਲ ਕਰਮ ਵਿਚ ਇਕ ਅਜਿਹੀ ਸ਼ਕਤੀ ਉਤਪੰਨ ਹੋ ਜਾਂਦੀ ਹੈ ਕਿ ਜਿਸ ਨਾਲ ਉਹ ਅੱਛੇ ਬੁਰੇ ਕਰਮਾਂ ਦਾ ਫਲ ਜੀਵ ਤੇ ਪ੍ਰਗਟ ਹੁੰਦਾ ਰਹਿੰਦਾ ਹੈ। ਜੈਨ ਧਰਮ ਇਹ ਕਦੋਂ ਆਖਦਾ ਹੈ ਕਿ ਕਰਮ-ਚੇਤਨ ਦੇ ਮੇਲ ਦੇ ਬਿਨਾਂ ਹੀ ਫਲ ਦਿੰਦੇ ਹਨ। ਉਹ ਤੇ ਇਹ ਆਖਦਾ ਹੈ ਕਿ ਕਰਮ-ਫਲ ਵਿਚ ਰੱਬ ਦਾ ਕੋਈ ਹੱਥ ਨਹੀਂ। ਮੰਨ ਲਵੋ, ਕਿ ਕੋਈ ਆਦਮੀ ਧੁੱਪ ਵਿਚ ਖੜ੍ਹਾ ਹੈ ਬੇ-ਹੱਦ ਗਰਮ ਚੀਜ਼ ਖਾਂਦਾ ਹੈ ਤੇ ਚਾਹੰਦਾ ਹੈ ਕਿ ਮੈਨੂੰ ਪਿਆਸ ਨਾ ਲੱਗੇ।

ਇਹ ਕਿਸਤਰ੍ਹਾਂ ਹੋ ਸਕਦਾ ਹੈ ? ਇਕ ਮਨੁੱਖ ਮਿਰਚ ਖਾ ਰਿਹਾ ਹੈ ਕਿ ਮੂੰਹ ਨਾ ਜਲੇ। ਕੀ ਇਹ ਸੰਭਵ ਹੈ ? ਇਕ ਆਦਮੀ ਸ਼ਰਾਬ ਪੀਂਦਾ ਹੈ। ਤੇ ਚਾਹੁੰਦਾ ਹੈ ਕਿ ਨਸ਼ਾ ਨਾ ਚੜ੍ਹੇ। ਕੀ ਇਹ ਬੇ-ਅਰਥ ਕਲਪਣਾ ਨਹੀਂ ? ਕੇਵਲ ਚਾਹੁਣ ਤੇ ਨਾ ਚਾਹੁਣ ਨਾਲ ਹੀ ਕੁਝ ਨਹੀਂ ਹੁੰਦਾ। ਜੋ ਕਰਮ ਕੀਤਾ ਹੈ, ਉਸਦਾ ਫਲ ਭੋਗਣਾ ਜ਼ਰੂਰੀ ਹੈ। ਇਸੇ ਵਿਚਾਰ-ਧਾਰਾ ਨੂੰ ਲੈ ਕੇ ਜੈਨ-ਦਰਸ਼ਨ ਕਹਿੰਦਾ ਹੈ ਕਿ 'ਜੀਵ ਖੁਦ ਕਰਮ ਕਰਦਾ ਹੈ ਤੇ ਖੁਦ ਹੀ ਫਲ ਭੋਗਦਾ ਹੈ। ਸ਼ਰਾਬ ਆਦਿ ਦਾ ਨਸ਼ਾ ਚੜ੍ਹਾਉਣ ਲਈ ਕੀ ਸ਼ਰਾਬੀ ਤੇ ਸ਼ਰਾਬ ਤੋਂ ਇਲਾਵਾ ਕਿਸੇ ਤੀਸਰੇ ਰੱਬ ਦੀ ਜ਼ਰੂਰਤ ਹੈ ? ਬਿਲਕੁਲ ਨਹੀਂ !

ਈਸ਼ਵਰ ਚੇਤਨ ਹੈ ਤੇ ਜੀਵ ਵੀ ਚੇਤਨ ਹੈ। ਫੇਰ ਫਰਕ ਕੀ ਹੋਇਆ ਭੇਦ ਕੇਵਲ ਇਹੋ ਹੀ ਹੈ ਕਿ ਜੀਵ ਅਪਣੇ ਕਰਮਾਂ ਵਿਚ ਰਸਿਆ ਹੋਇਆ ਹੈ ਤੇ ਈਸ਼ਵਰ ਉਹਨਾਂ ਬੰਧਨਾਂ ਤੋਂ ਮੁਕਤ ਹੋ ਚੁੱਕਾ ਹੈ। ਇਕ ਕਵੀ ਨੇ ਕਿਨੇ ਸੁੰਦਰ ਭਾਵ ਪ੍ਰਗਟਾਏ ਨੇ :—

"आत्मा प्रमात्मा में कर्म का भेद है,
काट दे गर कर्म तो फिर भेद है न खेद है।"

ਜੈਨ-ਦਰਸ਼ਨ ਆਖਦਾ ਹੈ ਕਿ ਈਸ਼ਵਰ ਤੇ ਜੀਵ ਵਿਚ ਕਰਮ ਦਾ ਹੀ ਅੰਤਰ ਹੈ। ਇਸ ਅਤਰ ਦੇ ਹੱਟ ਜਾਣ ਤੇ ਇਹ ਫਰਕ ਖਤਮ ਹੋ ਜਾਂਦਾ ਹੈ। ਫਿਰ ਵੀ ਕਰਮਵਾਦ

ਦੇ ਅਨੁਸਾਰ ਇਹ ਮੰਨਣ ਵਿਚ ਕੋਈ ਹਰਜ ਨਹੀਂ, ਕਿ ਸਾਰੇ ਜੀਵ ਮੁਕਤ ਹੋ ਕੇ ਈਸ਼ਵਰ ਬਣ ਜਾਂਦੇ ਹਨ। ਸੋਨੇ ਵਿਚੋਂ ਮੈਲ ਕੱਢ ਲਵੋ, ਤਾਂ ਫੇਰ ਸ਼ੁੱਧ ਸੋਨਾ ਆਖਣ ਵਿਚ ਕੀ ਹਰਜ ਹੈ ? ਆਤਮਾ ਤੋਂ ਕਰਮਾਂ ਦੀ ਮੈਲ ਦੂਰ ਕਰਕੇ ਤਾਂ ਆਦਮੀ ਪ੍ਰਮਾਤਮਾ ਬਣ ਜਾਂਦਾ ਹੈ।

ਸਿੱਟਾ ਇਹ ਹੋਇਆ ਕਿ ਹਰ ਜੀਵ ਕਰਮ ਕਰਨ ਵਿਚ ਸੁਤੰਤਰ ਹੈ ਤੇ ਫਲ ਭੋਗਣ ਵਿਚ ਵੀ ਸੁਤੰਤਰ ਹੈ। ਈਸ਼ਵਰ ਦਾ ਇਸ ਵਿਚ ਕੋਈ ਦਖਲ ਨਹੀਂ।

## ❀ ਕਰਮ ਸਿੱਧਾਂਤ ਦਾ ਵਿਵਹਾਰਿਕ ਪੱਖ

ਮਨੁੱਖ ਜਦ ਕਿਸੇ ਕੰਮ ਨੂੰ ਸ਼ੁਰੂ ਕਰਦਾ ਹੈ ਤਾਂ ਉਸ ਵਿਚ ਕਈ ਰੁਕਾਵਟਾਂ ਤੇ ਕਸ਼ਟ ਆਉਂਦੇ ਹਨ। ਅਜਿਹੀ ਹਾਲਤ ਵਿਚ ਮਨੁੱਖ ਦਾ ਮਨ ਚੰਚਲ ਹੋ ਜਾਂਦਾ ਹੈ, ਘਬਰਾ ਜਾਂਦਾ ਹੈ। ਇੰਨਾਂ ਹੀ ਨਹੀਂ ਕਰਤਵ ਤੋਂ ਬੇ-ਮੁੱਖ ਹੋ ਕੇ ਆਪਣੇ ਆਸ-ਪਾਸ ਦੇ ਸੰਗੀ-ਸਾਥੀਆਂ ਨੂੰ ਆਪਣਾ ਦੁਸ਼ਮਣ ਸਮਝਣ ਦੀ ਭੁੱਲ ਤਕ ਕਰ ਬੈਠਦਾ ਹੈ। ਸਿੱਟੇ ਵਜੋਂ ਅੰਦਰਲੇ ਕਾਰਣਾਂ ਨੂੰ ਭੁਲਕੇ ਬਾਹਰਲੇ ਕਾਰਣਾਂ ਨਾਲ ਲੜਾਈ ਕਰਦਾ ਹੈ।

ਅਜਿਹੀ ਹਾਲਤ ਵਿਚ ਮਨੁੱਖ ਨੂੰ ਰਸਤੇ ਤੋਂ ਭ੍ਰਿਸ਼ਟ ਹੋਣ ਤੋਂ ਬਚਾਉਣ ਲਈ ਤੇ ਠੀਕ ਰਾਹ ਤੇ ਪਾਉਣ ਲਈ ਕਿਸੇ ਵੱਡੇ ਭਾਰੀ ਗੁਰੂ ਦੀ ਜ਼ਰੂਰਤ ਹੈ। ਇਹ ਗੁਰੂ

ਹੋਰ ਕੋਈ ਨਹੀਂ, ਕਰਮ ਸਿਧਾਂਤ ਹੀ ਹੋ ਸਕਦਾ ਹੈ। ਕਰਮਵਾਦ ਅਨੁਸਾਰ ਮਨੁੱਖ ਨੂੰ ਇਹ ਵਿਚਾਰਨਾ ਚਾਹੀਦਾ ਹੈ ਕਿ ਅੰਤਰ-ਆਤਮਾ ਰੂਪੀ ਭੂਮੀ ਵਿਚ ਕਸ਼ਟ-ਰੂਪੀ ਜ਼ਹਿਰ ਦਾ ਦਰਖਤ ਫੁਟਿਆ ਤੇ ਫੈਲਿਆ ਹੋਇਆ ਹੈ। ਉਸਦਾ ਬੀਜ ਵੀ ਉਸੇ ਧਰਤੀ ਵਿਚ ਹੋਵੇਗਾ। ਬਾਹਰਲੀ ਸ਼ਕਤੀ ਤਾਂ ਪਾਣੀ ਤੇ ਹਵਾ ਦੀ ਤਰ੍ਹਾਂ ਨਮਿਤ-ਕਾਰਣ ਹੋ ਸਕਦੀ ਹੈ। ਅਸਲ ਕਾਰਣ ਤਾਂ ਮਨੁੱਖ ਨੂੰ ਆਪਣੇ ਅੰਦਰ ਵਿਚ ਹੀ ਮਿਲ ਜਾਂਦਾ ਹ, ਬਾਹਰ ਨਹੀਂ। ਉਹ ਆਪਣਾ ਕੀਤਾ ਹੋਇਆ ਕਰਮ ਹੀ ਹੈ ਹੋਰ ਕੋਈ ਨਹੀਂ। ਫਿਰ ਜਿਹੇ ਕਰਮ ਕੀਤੇ ਹਨ ਉਸ ਤਰ੍ਹਾਂ ਦਾ ਫਲ ਮਿਲੇਗਾ। ਨਿੰਮ ਦਾ ਦਰਖਤ ਲਾ. ਕੇ ਅੰਬ ਚਾਹੋ ਤਾਂ ਕਿਸ ਪ੍ਰਕਾਰ ਮਿਲੇਗਾ ?

ਮੈਂ ਬਾਹਰਲੇ ਲੋਕਾਂ ਨੂੰ ਬੇ-ਅਰਥ ਦੋਸ਼ ਦਿੰਦਾ ਹਾਂ। ਉਹਨਾਂ ਦਾ ਕੀ ਦੋਸ਼ ਹੈ ? ਇਹ ਤਾਂ ਮੇਰੇ ਕਰਮਾਂ ਅਨੁਸਾਰ ਹਾਲਤ ਬਦਲ ਰਹੀ ਹੈ। ਜੇ ਮੇਰੇ ਕਰਮ ਚੰਗੇ ਹੁੰਦੇ ਤਾਂ ਉਹ ਵੀ ਚੰਗੇ ਲਗਦੇ ? ਪਾਣੀ ਇਕ ਹੀ ਹੈ। ਉਹ ਤੰਬਾਕੂ ਦੇ ਖੇਤ ਵਿਚ ਕੌੜਾ ਬਣ ਜਾਂਦਾ ਹੈ ਤੇ ਗੰਨੇ ਦੇ ਖੇਤ ਵਿਚ ਮਿੱਠਾ ਬਣ ਜਾਂਦਾ ਹੈ। ਪਾਣੀ ਚੰਗਾ-ਮਾੜਾ ਨਹੀਂ, ਚੰਗਾ ਮਾੜਾ ਹੈ ਗੰਨਾ ਤੇ ਤੰਬਾਕੂ। ਇਹੋ ਗੱਲ ਮੇਰੇ ਸੰਗੀ-ਸਾਥੀਆਂ ਦੇ ਬਾਰੇ ਵਿਚ ਹੈ। ਜੇ ਮੈਂ ਚੰਗਾ ਹਾਂ ਤਾਂ ਸਭ ਚੰਗੇ ਹਨ, ਜੇ ਮੈਂ ਬੁਰਾ ਹਾਂ ਤਾ ਸਾਰੇ ਬੁਰੇ ਹਨ। ਮਨੁੱਖ ਨੂੰ ਕਿਸੇ ਕੰਮ ਦੀ ਸਫਲਤਾ ਲਈ ਮਾਨਸਿਕ ਸ਼ਾਂਤੀ ਦੀ ਬੜੀ ਜ਼ਰੂਰਤ ਹੈ ਅਤੇ ਉਹ ਇਸੇ

ਤਰ੍ਹਾਂ ਦੇ ਕਰਮ ਸਿੱਧਾਂਤ ਤੋਂ ਹੀ ਮਿਲ ਸਕਦੀ ਹੈ। ਹਨੇਰੀ ਤੇ ਤੂਫ਼ਾਨ ਵਿਚ ਜਿਸ ਪ੍ਰਕਾਰ ਹਿਮਾਲਿਆ ਅਟੱਲ ਤੇ ਅਡਿੱਗ ਰਹਿੰਦਾ ਹੈ ਇਸੇ ਤਰ੍ਹਾਂ ਹੀ ਕਰਮਵਾਦੀ ਮਨੁੱਖ ਵੀ ਆਪਣੇ ਉਲਟ ਹਾਲਾਤਾਂ ਵਿਚ ਸ਼ਾਂਤ ਤੇ ਸਥਿਰ ਰਹਿੰਦਾ ਹੈ। ਆਪਣੇ ਜੀਵਨ ਨੂੰ ਸੁਖੀ ਤੇ ਖੁਸ਼ਹਾਲ ਬਣਾ ਸਕਦਾ ਹੈ। ਇਸ ਲਈ ਕਰਮਵਾਦ ਮਨੁੱਖ ਦੇ ਵਿਵਹਾਰਿਕ ਜੀਵਨ ਵਿਚ ਬੜਾ ਸਫਲ ਸਿੱਧ ਹੁੰਦਾ ਹੈ।

ਕਰਮ-ਸਿੱਧਾਂਤ ਦੀ ਉਪਯੋਗਿਤਾ ਤੇ ਉੱਚਤਾ ਦੇ ਬਾਰੇ ਡਾ: ਮੈਕਸ-ਮੂਲਰ (*Max-Moolar*) ਦੇ ਵਿਚਾਰ ਬਹੁਤ ਹੀ ਸੁੰਦਰ ਤੇ ਵਿਚਾਰ-ਯੋਗ ਹਨ। ਉਹਨਾਂ ਲਿਖਿਆ ਹੈ :-

"ਇਹ ਤਾਂ ਨਿਸ਼ਚਿਤ ਹੈ ਕਿ ਕਰਮਵਾਦ ਦਾ ਅਸਰ ਮਨੁੱਖੀ-ਜੀਵਨ ਤੇ ਬੇ-ਹੱਦ ਪਿਆ ਹੈ। ਜੇ ਕਿਸੇ ਮਨੁੱਖ ਨੂੰ ਇਹ ਪਤਾ ਲੱਗੇ ਕਿ ਵਰਤਮਾਨ ਅਪਰਾਧ ਤੋਂ ਸਿਵਾਏ ਜੋ ਕੁਝ ਮੈਨੂੰ ਹੋਰ ਭੁਗਤਣਾ ਪੈਂਦਾ ਹੈ ਉਹ ਸਭ ਮੇਰੇ ਪਿਛਲੇ ਕੀਤੇ ਕਰਮਾਂ ਦਾ ਹੀ ਫਲ ਹੈ। ਤਾਂ ਉਹ ਆਪਣੇ ਪੁਰਾਣੇ ਕਰਮਾਂ ਦਾ ਫਲ ਚੁਕਾਉਣ ਵਾਲੇ ਮਨੁੱਖ ਦੀ ਤਰ੍ਹਾਂ ਸ਼ਾਂਤ-ਭਾਵ ਨਾਲ ਕਸ਼ਟ ਸਹਿਨ ਕਰ ਲਵੇਗਾ। ਅਤੇ ਜੇ ਉਹ ਮਨੁੱਖ ਇੰਨਾਂ ਵੀ ਜਾਣਦਾ ਹੋਵੇ ਕਿ ਸਹਿਨ-ਸ਼ੀਲਤਾ ਨਾਲ ਪੁਰਾਣਾ ਕਰਜ਼ਾ ਚੁਕਾਇਆ ਜਾ ਸਕਦਾ ਹੈ ਤਾਂ ਭਵਿੱਖ ਲਈ ਨੀਤੀ ਦੀ ਦੌਲਤ ਇਕੱਠੀ ਕੀਤੀ ਜਾ ਸਕਦੀ ਹੈ ਤਾਂ ਉਸ ਨੂੰ ਭਲਾਈ ਦੇ ਰਾਹ ਤੇ ਚੱਲਣ ਦੀ ਪਰੇਰਣਾ ਆਪਣੇ ਆਪ ਹੋਵੇਗੀ। ਚੰਗਾ ਜਾਂ ਮਾੜਾ ਕੋਈ ਵੀ

ਕਰਮ ਨਸ਼ਟ ਨਹੀਂ ਹੁੰਦਾ। ਇਹ ਨੀਤੀ ਸ਼ਾਸਤਰਾਂ ਦਾ ਮੱਤ ਅਤੇ ਪਦਾਰਥ ਸ਼ਾਸਤਰ ਦਾ ਬਲ ਸੁਰੱਖਸ਼ਣ (Safety) ਸਬਧੀ ਸਮਾਨ ਹੈ। ਦੋਹਾਂ ਦਾ ਭਾਵ ਇੰਨਾਂ ਹੀ ਹੈ ਕਿ ਕਿਸੇ ਦਾ ਨਾਮ ਨਹੀਂ ਹੁੰਦਾ। ਕਿਸੇ ਵੀ ਨੀਤੀ ਸਿਖਿਆ ਦੀ ਹੋਂਦ ਦੇ ਸਬੰਧ ਵਿਚ ਕਿੰਨੀ ਵੀ ਸ਼ੰਕਾ ਕਿਉਂ ਨਾ ਹੋਵੇ, ਇਹ ਗੱਲ ਪੂਰੀ ਤਰ੍ਹਾਂ ਸਿੱਧ ਹੈ ਕਿ ਕਰਮ ਸਿੱਧਾਂਤ ਸਭ ਤੋਂ ਜ਼ਿਆਦਾ ਥਾਵਾਂ ਤੇ ਮੰਨਿਆ ਜਾਂਦਾ ਹੈ। ਇਸ ਨਾਲ ਲੱਖਾਂ ਮਨੁੱਖਾਂ ਦੇ ਕਸ਼ਟ ਘੱਟ ਹੋਏ ਹਨ। ਤੇ ਮਨੁੱਖ ਲਈ ਵਰਤਮਾਨ ਦੇ ਕਸ਼ਟਾਂ ਨੂੰ ਝੇਲਨ ਦੀ ਸ਼ਕਤੀ ਪੈਦਾ ਕਰਨ ਤੇ ਭਵਿੱਖ ਨੂੰ ਸੁਧਾਰਣ ਦੀ ਦਿਸ਼ਾ ਵਿਚ ਕਾਫ਼ੀ ਹੌਸਲਾ ਤੇ ਅਧਿਆਤਮਿਕ ਬਲ ਮਿਲਿਆ ਹੈ।

## ❋ ਪਾਪ ਕੀ ਤੇ ਪੁੰਨ ਕੀ ?

ਆਮ ਲੋਕ ਇਹ ਸਮਝਦੇ ਹਨ ਕਿ ਕਿਸੇ ਨੂੰ ਕਸ਼ਟ ਜਾਂ ਦੁਖ ਦੇਣ ਨਾਲ ਹੀ ਪਾਪ-ਕਰਮ ਪੈਦਾ ਹੁੰਦੇ ਹਨ। ਇਸਦੇ ਉਲਟ ਸੁਖ ਤੇ ਆਰਾਮ ਪ੍ਰਦਾਨ ਕਰਨ ਨਾਲ ਪੁੰਨ-ਕਰਮ ਪੈਦਾ ਹੁੰਦੇ ਹਨ। ਪਰ ਜਦੋਂ ਅਸੀਂ ਦਾਰਸ਼ਨਿਕ ਦ੍ਰਿਸ਼ਟੀ ਤੋਂ ਜੈਨ ਧਰਮ ਦਾ ਡੂਘਾ ਅਧਿਐਨ ਕਰਦੇ ਹਾਂ ਤਾਂ ਪਾਪ ਤੇ ਪੁੰਨ ਦੀ ਇਹ ਕਸੌਟੀ ਖਰੀ ਨਹੀਂ ਉਤਰਦੀ। ਕਿਉਂਕਿ ਕਿੰਨੀ ਵਾਰ ਇਸ ਕਸੌਟੀ ਦੇ ਉਲਟ ਨਤੀਜੇ ਹੁੰਦੇ ਹਨ।

ਇਕ ਮਨੁੱਖ ਕਿਸੇ ਨੂੰ ਕਸ਼ਟ ਦਿੰਦਾ ਹੈ। ਲੋਕ ਸਮਝਦੇ ਹਨ ਕਿ ਪਾਪ ਕਰਮ ਕਰ ਰਿਹਾ ਹੈ। ਪਰ ਪੈਦਾ ਹੁੰਦੇ ਹਨ ਅੰਦਰੂਨੀ ਪੁੰਨ ਕਰਮ। ਤੇ ਕਦੇ ਕੋਈ ਮਨੁੱਖ ਕਿਸੇ ਨੂੰ ਸੁਖ ਪਹੁੰਚਾਂਦਾ ਹੈ ਤਾਂ ਬਾਹਰੋਂ ਚੰਗਾ ਲਗਦਾ ਹੈ ਪਰ ਅੰਦਰਲੇ ਮਨੋਂ ਉਤਪਤੀ ਪਾਪ ਕਰਮ ਦੀ ਕਰਦਾ ਹੈ। ਇਸ ਭਾਵ ਨੂੰ ਸਮਝਣ ਲਈ ਕਲਪਨਾ ਕਰੋ :—ਇਕ ਡਾਕਟਰ ਕਿਸੇ ਫੋੜੇ ਦਾ ਓਪਰੇਸ਼ਣ ਕਰਦਾ ਹੈ। ਉਸ ਰੋਗੀ ਨੂੰ ਕਿੰਨਾ ਕਸ਼ਟ ਹੁੰਦਾ ਹੈ, ਕਿੰਨਾ ਚਿੱਲਾਉਂਦਾ ਹੈ। ਪਰ ਜੇ ਡਾਕਟਰ ਸ਼ੁੱਧ ਭਾਵ ਨਾਲ ਇਲਾਜ ਕਰਦਾ ਹੈ ਤਾਂ ਪੁੰਨ ਦੀ ਪ੍ਰਾਪਤੀ ਕਰਦਾ ਹੈ ਪਾਪ ਦੀ ਨਹੀਂ। ਮਾਂ-ਪਿਓ, ਚੰਗੀ ਮੱਤ ਦੀ ਖਾਤਰ ਆਪਣੀ ਔਲਾਦ ਨੂੰ ਤਾੜਦੇ ਹਨ। ਸਜ਼ਾ ਦਿੰਦੇ ਹਨ ਤਾਂ ਕੀ ਪਾਪਾਂ ਦੇ ਭਾਗੀ ਬਣਦੇ ਹਨ ? ਇਸਦੇ ਉਲਟ ਇਕ ਅਜੇਹਾ ਮਨੁੱਖ ਹੈ ਜੋ ਦੂਸਰੇ ਨੂੰ ਠੱਗਣ ਲਈ ਮਿੱਠਾ ਬੋਲਦਾ ਹੈ ਸੇਵਾ ਕਰਦਾ ਹੈ। ਭਜਨ ਪੂਜਨ ਵੀ ਕਰਦਾ ਹੈ ਤਾਂ ਕਿ ਪੁੰਨ ਪ੍ਰਾਪਤ ਕਰਦਾ ਹੈ ? ਨਹੀਂ ਭਿਅੰਕਰ ਪਾਪਾਂ ਦਾ ਭਾਗੀ ਬਣਦਾ ਹੈ।

ਫੇਰ ਵੀ ਜੈਨ ਧਰਮ ਦਾ ਕਰਮ ਸਿਧਾਂਤ ਆਖਦਾ ਹੈ ਕਿ ਪਾਪ ਤੇ ਪੁੰਨ ਦੀ ਪ੍ਰਾਪਤੀ ਕਿਸੇ ਬਾਹਰਲੀ ਕ੍ਰਿਆ ਤੇ ਆਧਾਰਿਤ ਨਹੀਂ ਹੈ। ਬਾਹਰਲੀ ਕ੍ਰਿਆਵਾਂ ਦੇ ਫਲਸਰੂਪ ਹੀ ਅੰਦਰ ਸ਼ੁਭ ਤੇ ਅਸ਼ੁਭ ਭਾਵਨਾਵਾਂ ਹਨ। ਉਹ ਹੀ ਪਾਪ ਤੇ ਪੁੰਨ ਦੀ ਖਰੀ ਕਸੌਟੀ ਹੈ ਕਿਉਂਕਿ ਉਸਨੂੰ ਉਸੇ ਪ੍ਰਕਾਰ

ਦਾ ਹੀ ਸ਼ੁਭ ਅਸ਼ੁਭ ਕਰਮ ਫਲ ਪ੍ਰਾਪਤ ਹੁੰਦਾ ਹੈ।

ਯਾਦ੍ਰਸ਼ੀ ਭਾਵਨਾ ਯਸਯ, ਸਿਦ੍ਧਿ ਭਵਤਿ ਤਾਦ੍ਰਸ਼ੀ ।

### ❀ ਕਰਮਾਂ ਦਾ (ਅਨਾਦੀ) ਰੂਪ

ਦਾਰਸ਼ਨਿਕ ਖੇਤਰ ਵਿਚ ਇਹ ਪ੍ਰਸ਼ਨ ਬੜੇ ਗੰਭੀਰ ਅਤੇ ਲੰਬੇ ਸਮੇਂ ਤੋਂ ਚੱਕਰ ਕੱਟ ਰਿਹਾ ਹੈ। ਕਿ ਕਰਮ ਸਾਦੀ ਹੈ ਜਾਂ ਅਨਾਦੀ। ਸਾਦੀ ਦਾ ਅਰਥ ਹੈ, ਆਦਿ ਵਾਲਾ। ਜੋ ਇਕ ਦਿਨ ਸ਼ੁਰੂ ਹੋਇਆ ਹੋਵੇ। ਅਨਾਦੀ ਦਾ ਅਰਥ ਹੈ ਆਦਿ ਰਹਿਤ, ਜੋ ਕਦੇ ਵੀ ਸ਼ੁਰੂ ਨਾ ਹੋਇਆ ਹੋਵੇ। ਜੋ ਅਨੰਤ ਕਾਲ ਤੋਂ ਚਲਿਆ ਆ ਰਿਹਾ ਹੋਵੇ। ਭਿੰਨ ਭਿੰਨ ਦਰਸ਼ਨਾਂ ਨੇ ਇਸ ਸਬੰਧ ਵਿਚ ਭਿੰਨ ਭਿੰਨ ਉੱਤਰ ਦਿਤੇ ਹਨ।

ਜੈਨ ਦਰਸ਼ਨ ਵੀ ਇਸ ਬਾਰੇ ਇਕ ਪੱਕਾ ਉੱਤਰ ਦਸਦਾ ਹੈ। ਉਹ ਅਨੇਕਾਂਤ ਦੀ ਭਾਸ਼ਾ ਵਿਚ ਆਖਦਾ ਹੈ ਕਿ ਕਰਮ ਸ਼ਾਦੀ ਵੀ ਹੈ ਅਤੇ ਅਨਾਦੀ ਵੀ। ਇਸਦਾ ਸਪਸ਼ਟੀਕਰਣ ਇਹ ਹੈ ਕਿ ਕਰਮ ਕਿਸੇ ਵਿਸ਼ੇਸ਼ ਕਰਮ ਵਿਅਕਤੀ ਦੀ ਨਜ਼ਰ ਤੋਂ 'ਸਾਦੀ' ਵੀ ਹੈ ਤੇ ਅਪਣੀ ਵਹਾ ਪਰੰਪਰਾ ਦੀ ਦ੍ਰਿਸ਼ਟੀ ਤੋਂ ਅਨਾਦੀ ਵੀ ਹੈ। ਕਰਮਾਂ ਦਾ ਵਹਾ ਕਦੋਂ ਚਲਿਆ ? ਇਸ ਪ੍ਰਸ਼ਨ ਦਾ ਹਾਂ ਵਿਚ ਉੱਤਰ ਹੈ ਹੀ ਨਹੀਂ। ਇਸ ਲਈ ਜੈਨ ਦਰਸ਼ਨ ਆਖਦਾ ਹੈ ਕਿ ਕਰਮਾਂ ਦਾ ਵਹਾ ਤੋਂ ਅਨਾਦਿ ਹੈ ਤੇ ਹਰ ਆਦਮੀ ਆਪਣੀ ਹਰ ਕ੍ਰਿਆ ਵਿਚ, ਹਰ ਰੋਜ਼ ਨਵੇਂ ਕਰਮ ਪੈਦਾ ਕਰਦਾ ਹੈ। ਇਸ ਲਈ ਹਰ ਆਦਮੀ ਦੀ ਨਜ਼ਰ ਤੋਂ ਕਰਮ ਸ਼ਾਦੀ ਵੀ

ਕਿਹਾ ਜਾਂਦਾ ਹੈ।

ਭਵਿੱਖ ਕਾਲ ਦੇ ਸਮਾਨ ਭੂਤ ਕਾਲ ਵੀ ਅਸੀਮ ਤੇ ਅਨੰਤ ਹੈ। ਇਸ ਲਈ ਭੂਤਕਾਲ ਦੇ ਅਨੰਤ ਦਾ ਵਰਨਣ ਅਨਾਦਿ, ਸ਼ਬਦ ਤੋਂ ਇਲਾਵਾ ਹੋਰ ਕਿਸੇ ਪ੍ਰਕਾਰ ਨਾਲ ਨਹੀਂ ਹੋ ਸਕਦਾ। ਇਸ ਲਈ ਕਰਮ ਵਹਾ ਨੂੰ ਅਨਾਦਿ ਆਖੇ ਬਿਨਾ ਕੰਮ ਨਹੀਂ ਚਲ ਸਕਦਾ। ਜੇ ਅਸੀਂ ਕਰਮ ਗਤਿ ਦੀ ਕੋਈ ਤਾਰੀਖ ਮੰਨੀਏ, ਤਾਂ ਪ੍ਰਸ਼ਨ ਉੱਠਦਾ ਹੈ ਕਿ ਉਸ ਤੋਂ ਪਹਿਲਾਂ ਆਤਮਾ ਕਿਸ ਰੂਪ ਵਿਚ ਸੀ? ਜੇ ਸ਼ੁੱਧ ਰੂਪ ਵਿਚ ਸੀ, ਕਰਮ ਉੱਤਪਤੀ ਤੋਂ ਰਹਿਤ ਸੀ ਤਾਂ ਫਿਰ ਸ਼ੁੱਧ ਨੂੰ ਕਰਮ ਕਿਵੇਂ ਲੱਗੇ? ਜੇ ਸ਼ੁੱਧ ਨੂੰ ਵੀ ਕਰਮ ਲੱਗ ਜਾਣ ਤਾਂ ਫਿਰ ਸ਼ੁੱਧ ਹੋਣ ਤੋਂ ਮੁਕਤੀ ਵਿਚ ਵੀ ਕਰਮ-ਉੱਤਪਤੀ ਮੰਨਣੀ ਪਵੇਗੀ। ਇਸ ਹਾਲਤ ਵਿਚ ਮੁਕਤੀ ਦਾ ਕੀ ਮੁੱਲ ਰਹੇਗਾ? ਕੇਵਲ ਮੁਕਤ ਆਤਮਾ ਦੀ ਕੀ ਗੱਲ, ਈਸ਼ਵਰ-ਵਾਦੀਆਂ ਦਾ ਸ਼ੁੱਧ ਈਸ਼ਵਰ ਤਾਂ ਕਰਮ-ਉੱਤਪਤੀ ਰਾਹੀਂ ਵਿਕਾਰੀ ਤੇ ਸੰਸਾਰੀ ਹੋ ਜਾਵੇਗਾ। ਇਸ ਲਈ ਸ਼ੁੱਧ ਹਾਲਤ ਵਿਚ ਕਿਸੇ ਤੱਤਾਂ ਦੀ ਕਰਮ-ਉੱਤਪਤੀ ਮੰਨਣਾ ਠੀਕ ਨਹੀਂ ਹੋਵੇਗਾ। ਇਸ ਅਸਲ ਸੱਚ ਨੂੰ ਧਿਆਨ ਵਿਚ ਰਖ ਕੇ ਜੈਨ-ਦਰਸ਼ਨ ਨੇ ਕਰਮ-ਵੇਗ ਨੂੰ ਅਨਾਦਿ ਮੰਨਿਆ ਹੈ।

### ❀ ਕਰਮ-ਉੱਤਪਤੀ ਦੇ ਕਾਰਣ

ਇਹ ਇਕ ਅਟੱਲ ਸਿੱਧਾਂਤ ਹੈ ਕਿ ਕਾਰਣ ਦੇ ਬਿਨਾ

ਕੋਈ ਕੰਮ ਨਹੀਂ ਹੁੰਦਾ। ਬੀਜ ਤੋਂ ਬਿਨਾਂ ਕਦੇ ਦਰਖਤ ਪੈਦਾ ਹੁੰਦਾ ਹੈ.? ਕਦੇ ਨਹੀਂ। ਹਾਂ, ਤਾਂ ਕਰਮ ਦਾ ਦੂਜਾ ਨਾਂ ਕੰਮ ਹੁੰਦਾ ਹੈ। ਇਸ ਲਈ ਉਸਦਾ ਕੋਈ ਨਾ ਕੋਈ ਕਾਰਣ ਹੁੰਦਾ ਹੈ। ਬਿਨਾਂ ਕਾਰਣ ਤੋਂ, ਕਰਮ ਸਰੂਪ ਕੰਮ, ਕਿਸੇ ਪ੍ਰਕਾਰ ਵੀ ਹੋਂਦ ਵਿਚ ਨਹੀਂ ਆ ਸਕਦਾ।

ਜੈਨ-ਧਰਮ ਵਿਚ ਕਰਮ-ਉੱਤਪਤੀ ਦੇ ਮੂਲ ਕਾਰਣ ਦੋ ਦੱਸੇ ਗਏ ਹਨ। 'ਰਾਗ' ਤੇ 'ਦਵੇਸ਼'। ਭਗਵਾਨ ਮਹਾਵੀਰ ਨੇ ਆਪਣੇ ਪਾਵਾਪੁਰ ਦੇ ਉਪਦੇਸ਼ ਵਿਚ ਕਿਹਾ ਹੈ :—"रागो यदोसो बीयं कम्म बीयं" ਅਰਥਾਤ ਰਾਗ ਤੇ ਦਵੇਸ਼ ਹੀ ਕਰਮ ਦੇ ਬੀਜ ਹਨ, ਮੂਲ ਕਾਰਣ ਹਨ। ਖਿੱਚ ਵਾਲੀ ਆਦਤ ਨੂੰ ਰਾਗ ਤੇ ਘ੍ਰਿਣਾ ਵਾਲੀ ਆਦਤ ਨੂੰ ਦਵੇਸ਼ ਆਖਦੇ ਹਨ। ਪੁੰਨ ਕਰਮ ਦੇ ਮੂਲ ਵਿਚ ਵੀ ਕਿਸੇ ਨਾ ਇਸੇ ਤਰ੍ਹਾਂ ਸੰਸਾਰਿਕ ਮੋਹ-ਮਾਇਆ ਤੇ ਖਿੱਚ (ਲਗਾਵ) ਹੀ ਹੁੰਦੀ ਹੈ। ਘ੍ਰਿਣਾ ਤੇ ਖਿੱਚ-ਰਹਿਤ ਸ਼ੁੱਧ ਆਦਤ ਤਾਂ ਕਰਮ-ਉੱਤਪਤੀ ਦੇ ਕਾਰਣ ਖਤਮ ਕਰਦੀ ਹੈ, ਪੈਦਾ ਨਹੀਂ ਕਰਦੀ।

## ❀ ਕਰਮ-ਉੱਤਪਤੀ ਤੋਂ ਮੁਕਤੀ ਦਾ ਢੰਗ

ਕਰਮ-ਉੱਤਪਤੀ ਤੋਂ ਰਹਿਤ ਹੋਣ ਦਾ ਨਾਉਂ ਮੁਕਤੀ ਹੈ। ਜੈਨ-ਦਰਸ਼ਨ ਦੀ ਮਾਨਤਾ ਹੈ ਕਿ ਜਦੋਂ ਆਤਮਾ ਰਾਗ-ਦਵੇਸ਼ ਦੀ ਉੱਤਪਤੀ ਤੋਂ ਛੁਟਕਾਰਾ ਪਾ ਜਾਂਦੀ ਹੈ, ਅਗੇ ਲਈ ਨਵੀਂ ਕਰਮ-ਉੱਤਪਤੀ ਰੋਕਦੀ ਹੈ ਅਤੇ ਪੁਰਾਣੇ ਪੈਦਾ

ਕੀਤੇ ਕਰਮਾਂ ਨੂੰ ਭੋਗ ਲੈਂਦਾ ਹੈ ਜਾਂ ਧਰਮ-ਸਾਧਨਾਂ ਦੇ ਰਾਹੀਂ ਪੂਰੀ ਤਰ੍ਹਾਂ ਨਾਲ ਨਸ਼ਟ ਕਰ ਲੈਂਦਾ ਹੈ ਤਾਂ ਫਿਰ ਸਦਾ ਲਈ ਮੁਕਤ ਹੋ ਜਾਂਦਾ ਹੈ। ਜਦ ਤਕ ਕਰਮ ਤੇ ਕਰਮ ਦਾ ਕਾਰਣ ਹੈ, ਰਾਗ-ਦਵੇਸ਼ ਤੋਂ ਮੁਕਤੀ ਨਹੀਂ ਮਿਲਦੀ ਤਦ ਤਕ ਆਤਮਾ ਕਿਸੇ ਵੀ ਹਾਲਤ ਵਿਚ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ।

ਹੁਣ ਸਵਾਲ ਕੇਵਲ ਇਹ ਰਹਿ ਜਾਂਦਾ ਹੈ ਕਿ ਕਰਮ-ਉੱਤਪਤੀ ਤੋਂ ਮੁਕਤੀ ਦਾ ਕੀ ਢੰਗ ਹੈ? ਜੈਨ-ਧਰਮ ਇਸ ਪ੍ਰਸ਼ਨ ਦਾ ਬੜਾ ਸੁੰਦਰ ਉੱਤਰ ਦਿੰਦਾ ਹੈ। ਉਹ ਆਖਦਾ ਹੈ ਕਿ ਆਤਮਾ ਹੀ ਕਰਮ-ਉੱਤਪਤੀ ਕਰਨ ਵਾਲੀ ਹੈ ਅਤੇ ਆਤਮਾ ਹੀ ਖਤਮ ਕਰਨ ਵਾਲੀ ਹੈ। ਕਰਮ ਤੋਂ ਮੁਕਤੀ ਪ੍ਰਾਪਤ ਕਰਨ ਲਈ ਈਸ਼ਵਰ ਅੱਗੇ ਪ੍ਰਾਰਥਨਾ ਕਰਨ ਦੀ, ਨਦੀ, ਨਾਲੇ, ਪਹਾੜ, ਮੈਦਾਨ ਜਾਂ ਤੀਰਥ-ਯਾਤਰਾ ਦੇ ਰੂਪ ਵਿਚ ਭਟਕਣ ਦੇ ਲਈ ਜੈਨ-ਸਾਹਿੱਤ ਜਾਂ ਜੈਨ-ਧਰਮ ਪਰੇਰਣਾ ਨਹੀਂ ਦਿੰਦਾ। ਉਹ ਮੁਕਤੀ ਪ੍ਰਾਪਤ ਲਈ ਆਪਣੀ ਆਤਮਾ ਦੀ ਤਲਾਸ਼ ਕਰਦਾ ਹੈ। ਜੈਨ-ਤੀਰਥੰਕਰਾਂ ਨੇ ਮੁਕਤੀ ਪ੍ਰਾਪਤ ਕਰਨ ਲਈ ਤਿੰਨ ਢੰਗ ਦੱਸੇ ਹਨ :—

(੧) ਸਮਯਗ ਦਰਸ਼ਨ (ਸੱਚਾ) ਦਰਸ਼ਨ (ਵਿਸ਼ਵਾਸ਼) ਜੋ ਆਤਮਾ ਹੈ। ਉਹ ਕਰਮਾਂ ਨਾਲ ਬੰਨ੍ਹਿਆ ਹੋਇਆ ਹੈ ਤੇ ਇਕ ਦਿਨ ਉਹ ਬੰਧਨ, ਉੱਤਪਤੀ ਤੋਂ ਮੁਕਤ ਹੋ ਕੇ ਸਦਾ ਦੇ ਲਈ ਅਜਰ-ਅਮਰ ਪ੍ਰਮਾਤਮਾ ਵੀ ਹੋ ਸਕਦਾ ਹੈ। ਇਸ ਪ੍ਰਕਾਰ ਦੇ ਦ੍ਰਿੜ ਆਤਮ-ਵਿਸ਼ਵਾਸ ਦਾ ਨਾਂ ਸੱਚਾ ਦਰਸ਼ਨ ਹੈ। ਸਮਯੱਗ-

ਦਰਸ਼ਨ ਰਾਹੀਂ ਆਤਮਾ ਦੀ ਹੀਨਤਾ-ਦੀਨਤਾ ਦੇ ਭਾਵ ਖਤਮ ਹੋ ਜਾਂਦੇ ਹਨ ਤੇ ਆਤਮ-ਸ਼ਕਤੀ ਦੇ ਪ੍ਰਚੰਡ-ਤੇਜ ਵਿਚ ਅਟੱਲ-ਵਿਸ਼ਵਾਸ ਤੇ ਅਟੱਲ-ਭਾਵ ਜਾਗ੍ਰਿਤ ਹੁੰਦੇ ਹਨ।

(੨) ਸਮਯੱਗ-ਗਿਆਨ :—ਚੇਤਨ ਤੇ ਜੜ੍ਹ-ਪਦਾਰਥ ਦੇ ਭੇਦ ਦਾ ਗਿਆਨ ਕਰਨਾ, ਸੰਸਾਰ ਤੇ ਉਸਦੇ ਰਾਗ-ਦਵੇਸ਼ ਆਦਿ ਦੇ ਕਾਰਣ ਤੇ ਮੁਕਤੀ ਅਤੇ ਸਮਯੱਗ (ਸੱਚਾ) ਦਰਸ਼ਨ ਆਦਿ ਸਾਧਨਾਂ ਦਾ ਚੰਗੀ ਤਰ੍ਹਾਂ ਚਿੰਤਨ ਮੰਨਣ ਕਰਨਾ ਹੀ ਸਮਯਗ-ਗਿਆਨ ਅਖਵਾਉਂਦਾ ਹੈ। ਸੰਸਾਰਿਕ ਦ੍ਰਿਸ਼ਟੀ ਤੋਂ ਕਿੰਨਾਂ ਵੱਡਾ ਵਿਦਵਾਨ ਕਿਉਂ ਨਾ ਹੋਵੇ, ਜੇ ਉਸਦਾ ਗਿਆਨ ਮੋਹ-ਮਾਇਆ ਦੀ ਉੱਤਪਤੀ ਨੂੰ ਢਿੱਲਾ ਨਹੀਂ ਕਰਦਾ, ਸੰਸਾਰ-ਕਲਿਆਣ ਦੀ ਭਾਵਨਾ ਨੂੰ ਉਤਸ਼ਾਹ ਨਹੀਂ ਮਿਲਦਾ। ਜੇ ਅਧਿਆਤਮਿਕ-ਜਾਗ੍ਰਿਤੀ ਤੋਂ ਸ਼ਕਤੀ ਪੈਦਾ ਨਹੀਂ ਹੁੰਦੀ ਤਾਂ ਉਹ ਗਿਆਨ ਸਮਯਗ-ਗਿਆਨ ਨਹੀਂ।

ਸਮਯਗ-ਗਿਆਨ ਦੇ ਲਈ ਅਧਿਆਤਮਿਕ-ਚੇਤਨਾ ਤੇ ਪਵਿੱਤਰ-ਉੱਦੇਸ਼ ਜ਼ਰੂਰੀ ਹੈ। ਮੁਕਤੀ ਲਈ ਅੰਦਰਲੀ ਆਤਮ-ਚੇਤਨਾ ਹੀ ਦਰਅਸਲ ਸੱਚਾ ਗਿਆਨ ਹੈ।

(੩) ਸਮਯਗ-ਚਰਿੱਤਰ :—ਵਿਸ਼ਵਾਸ ਤੇ ਗਿਆਨ ਦੇ ਅਨੁਸਾਰ ਆਚਰਣ ਵੀ ਤਾਂ ਜਰੂਰੀ ਹੈ। ਜੈਨ-ਧਰਮ ਚਰਿੱਤਰ-ਪ੍ਰਧਾਨ ਧਰਮ ਹੈ। ਇਹ ਕੇਵਲ ਭਾਵਨਾਵਾਂ ਤੇ

ਸੰਕਲਪਾਂ ਦੇ ਭਰੋਸੇ ਨਹੀਂ ਬੈਠਦਾ। ਉਚਿੱਤ ਜੀਵਨ, ਉਚਿੱਤ ਮੇਹਨਤ ਸਫਲ ਜੀਵਨ ਦਾ ਮਾਰਗ ਹੈ ਇਸ ਤਰ੍ਹਾਂ ਵਿਸ਼ਵਾਸ ਤੇ ਗਿਆਨ ਦੇ ਅਨੁਸਾਰ ਅਹਿੰਸਾ ਤੇ ਸੱਚ ਆਦਿ ਸਦਾਚਾਰ ਦੀ ਸਾਧਨਾਂ ਹੀ ਸੱਚਾ ਚਰਿੱਤਰ ਹੈ।

* * *



# ਇਕ ਸੰਦੇਸ਼ : ਮਨੁੱਖ ਹੀ ਈਸ਼ਵਰ ਹੈ

ਸੰਸਾਰ ਵਿਚ ਵੈਦਿਕ, ਇਸਲਾਮ ਤੇ ਈਸਾਈ ਆਦਿ ਧਰਮ ਈਸ਼ਵਰ ਨੂੰ ਜਗਤ ਦਾ ਕਰਤਾ-ਧਰਤਾ ਮੰਨਦੇ ਹਨ। ਫਿਰ ਵੀ ਸੰਸਾਰ-ਰਚਨਾ ਦੀ ਕ੍ਰਿਆ ਵਿਚ ਕਾਫੀ ਮਤ-ਭੇਦ ਹੈ। ਜਿੱਥੇ ਈਸ਼ਵਰ ਨੂੰ ਸੰਸਾਰ ਦਾ ਕਰਤਾ ਦੱਸਣ ਦਾ ਝਗੜਾ ਪੈਦਾ ਹੁੰਦਾ ਹੈ, ਉੱਥੇ ਸਾਰੇ ਇਕ-ਮਤ ਹੋ ਜਾਂਦੇ ਹਨ।

ਪਰ ਜੈਨ-ਧਰਮ ਦਾ ਰਾਹ ਸਭ ਤੋਂ ਭਿੰਨ ਹੈ। ਉਹ ਸੰਸਾਰ ਨੂੰ ਅਨਾਦਿ ਤੇ ਅਨੰਤ ਮੰਨਦਾ ਹੈ। ਉਹਦਾ ਵਿਸ਼ਵਾਸ ਹੈ ਕਿ ਸੰਸਾਰ ਨਾ ਕਦੇ ਬਣਕੇ ਤਿਆਰ ਹੋਇਆ ਹੈ ਤੇ ਨਾ ਕਦੇ ਨਸ਼ਟ ਹੋਵੇਗਾ। ਪਦਾਰਥਾਂ ਦਾ ਰੂਪ ਜ਼ਰੂਰ ਬਦਲ ਜਾਂਦਾ ਹੈ। ਪਰ ਮੂਲ ਪਦਾਰਥ ਕਦੇ ਵੀ ਨਸ਼ਟ ਨਹੀਂ ਹੁੰਦਾ। ਇਸ ਸਿੱਧਾਂਤ ਦੇ ਅਨੁਸਾਰ ਸੰਸਾਰ ਦਾ ਰੂਪ ਬਦਲ ਜਾਂਦਾ ਹੈ—ਸਮੁੰਦਰ ਦੀ ਜਗ੍ਹਾ ਥਲ ਤੇ ਥਲ ਦੀ ਜਗ੍ਹਾ ਸਮੁੰਦਰ ਹੋ ਜਾਂਦਾ ਹੈ। ਉਜਾੜਾਂ ਵਿਚ ਆਬਾਦੀ ਹੋ ਜਾਂਦੀ ਹੈ ਤੇ ਆਬਾਦ ਇਲਾਕੇ ਉਜਾੜ ਹੋ ਜਾਂਦੇ ਹਨ।

**ਧਰਤੀ ਤੇ ਪਰਲੋਂ** ਹੁੰਦੀ ਹੀ ਰਹਿੰਦੀ ਹੈ ਪਰ ਮਹਾਪਰਲੋਂ **ਹੋ ਕੇ ਸਭ ਕੁਝ** ਨਸ਼ਟ ਹੋ ਜਾਏਗਾ ਤੇ ਫਿਰ ਨਵੇਂ ਸਿਰੇ **ਤੋਂ ਜਗਤ** ਦਾ ਨਿਰਮਾਣ ਹੋਵੇਗਾ । ਇਹ ਕਲਪਣਾ ਠੀਕ ਨਹੀਂ ।

### ❀ ਸੰਸਾਰ ਸ਼ਾਸਵਤ
[ਹਮੇਸ਼ਾ ਰਹਿਣ ਵਾਲਾ]

ਫਿਰ ਵੀ ਸਾਡੇ ਬਹੁਤ ਸਾਰੇ ਸਾਥੀ ਜਗਤ-ਉੱਤਪਤੀ ਦੇ ਸਿੱਧਾਂਤ ਨੂੰ ਮੰਨਦੇ ਹਨ। ਉਨ੍ਹਾਂ ਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਕਿ ਬਿਨਾਂ ਬਣਾਏ ਕਿਸੇ ਚੀਜ਼ ਦੀ ਹੋਂਦ ਰਹਿ ਸਕਦੀ ਹੈ। ਫੇਰ ਵੀ ਉਹ ਆਖਦੇ ਹਨ ਕਿ "ਜਗਤ ਦਾ ਬਨਾਉਣ ਵਾਲਾ ਈਸ਼ਵਰ ਹੈ।" ਕੀ ਕੋਈ ਪਦਾਰਥ ਬਿਨਾਂ ਬਣਾਏ ਆਪਣੀ ਹੋਂਦ ਨਹੀਂ ਰਖ ਸਕਦਾ ? ਜੇ ਨਹੀਂ ਰੱਖ ਸਕਦਾ ਤਾਂ ਈਸ਼ਵਰ ਦੀ ਹੋਂਦ ਕਿਸ ਪ੍ਰਕਾਰ ਹੈ ? ਉਸਨੂੰ ਕਿਸਨੇ ਬਣਾਇਆ ? ਇਹ ਸਾਰੇ ਪ੍ਰਸ਼ਨ ਜੈਨ-ਧਰਮ ਪੁੱਛਦਾ ਹੋਇਆ ਆਖਦਾ ਹੈ ਕਿ ਫਿਰ ਵੀ ਉਹ ਆਪਣੇ ਆਪ ਹੀ ਅਨਾਦਿ-ਕਾਲ ਤੋਂ ਆਪਣੀ ਹੋਂਦ ਰੱਖ ਸਕਦਾ ਹੈ। ਇਸੇ ਪ੍ਰਕਾਰ ਜਗਤ ਨੂੰ ਆਪਣੀ ਹੋਂਦ ਲਈ ਕਿਸੇ ਉਤਪਾਦਿਕ ਦੀ ਜ਼ਰੂਰਤ ਨਹੀਂ। ਉਹ ਵੀ ਈਸ਼ਵਰ ਦੀ ਤਰ੍ਹਾਂ ਬਿਨਾਂ ਕਿਸੇ ਨਿਰਮਾਣ ਦੇ ਆਪਣੇ ਆਪ ਸਿੱਧ ਹੈ ।

ਈਸ਼ਵਰ ਨਿਰਾਕਾਰ ਹੈ। ਉਹ ਕੋਈ ਹੱਥ ਪੈਰ ਵਾਲਾ

ਸ਼ਰੀਰ ਨਹੀਂ ਰਖਦਾ। ਇਸਤੇ ਜੈਨ-ਦਰਸ਼ਨ ਦਾ ਤਰਕ ਹੈ ਕਿ ਬਿਨਾਂ ਹੱਥ-ਪੈਰ ਦੇ ਇਹ ਜਗਤ ਕਿਵੇਂ ਬਣ ਸਕਦਾ ਹੈ ? ਅਸੀਂ ਵੇਖਦੇ ਹਾਂ ਕਿ ਘੁਮਿਆਰ, ਸੁਨਿਆਰ ਆਦਿ ਕਰਤਾ ਹਥ ਨਾਲ ਹੀ ਚੀਜ਼ ਦਾ ਨਿਰਮਾਣ ਕਰਦੇ ਹਨ। ਕੋਈ ਵੀ ਕਰਤਾ ਬਿਨਾਂ ਸ਼ਰੀਰ ਦੇ ਕੀ ਕਰ ਸਕੇਗਾ ?

ਕੁਝ ਪੱਛਮੀ ਧਰਮ ਆਖਦੇ ਹਨ ਕਿ ਖੁਦਾ ਸ਼ਬਦ ਤੋਂ ਸੰਸਾਰ ਦੀ ਉੱਤਪਤੀ ਹੋਈ। ਖੁਦਾ ਨੇ 'ਸ਼ਬਦ' ਕਿਹਾ ਤੇ ਸੰਸਾਰ ਤਿਆਰ ਹੋ ਗਿਆ। ਅਸੀਂ ਪੁੱਛਦੇ ਹਾਂ ਕਿ ਖੁਦਾ ਦੇ ਸ਼ਰੀਰ ਹੈ ? ਕੀ ਖੁਦਾ ਜ਼ਬਾਨ ਹੈਂ ? ਕੀ ਖੁਦਾ ਦੇ ਮੂੰਹ ਹੈ ? ਉਹ ਭਰਾ ਆਖਦੇ ਹਨ ਕਿ ਖੁਦਾ ਦੇ ਸ਼ਰੀਰ, ਜ਼ਬਾਨ ਤੇ ਮੂੰਹ ਆਦਿ ਕੁਝ ਨਹੀਂ। ਸਾਨੂੰ ਹੈਰਾਨੀ ਹੈ ਕਿ ਜਦ ਮੂੰਹ ਵਿਚ ਜ਼ਬਾਨ ਨਹੀਂ ਤਾਂ 'ਕੁਣ' ਕਿਹਾ ਕਿਸ ਤਰ੍ਹਾਂ ? ਦੂਸਰੇ ਜਗਤ ਦਾ ਰੂਪ ਧਾਰਨ ਕਰਨ ਵਾਲੇ ਜ਼ੱਰੇ (ਪ੍ਰਮਾਣੂ) ਤਾਂ ਜੜ ਹਨ, ਜਦ ਤਕ ਕੰਨ ਨਹੀਂ ਸੁਣਦੇ ਉਹਨਾਂ ਖੁਦਾ ਦਾ ਹੁਕਮ ਕਿਸ ਤਰ੍ਹਾਂ ਸੁਣਿਆ ਅਤੇ ਜੇ ਉਹ ਜਦ ਬੋਲ ਸਕਦਾ ਹੈ, ਹੁਣ ਕਿਉਂ ਨਹੀਂ ਬੋਲ ਸਕਦਾ ? ਅੱਜ ਪ੍ਰਾਰਥਨਾ ਕਰਦੇ ਲੋਕ ਪਾਗਲ ਹੋ ਗਏ ਹਨ, ਉਹ ਬੋਲਦਾ ਨਹੀਂ ਜੇ ਉਹ ਬੋਲ ਪਵੇ ਤਾਂ ਹਜ਼ਾਰਾਂ ਨਾਸਤਿੱਕ ਆਸਤਿਕ ਹੋ ਜਾਣ। ਕਿੰਨਾਂ ਵੱਡਾ ਧਰਮ ਤੇ ਪਰ-ਉਪਕਾਰ ਦਾ ਕੰਮ ਹੋਵੇਗਾ ? ਕੀ ਰੱਬ ਨੂੰ ਇਹ ਪਸੰਦ ਨਹੀਂ ?

ਅੱਜ ਕਲ ਸਾਡੇ ਵੈਦਿਕ-ਧਰਮ ਦੀ ਸ਼ਾਖਾ ਵਾਲੇ

ਸਨਾਤਨ-ਧਰਮੀ ਤੇ ਆਰੀਆ-ਸਮਾਜੀ ਭਰਾ ਮੰਨਦੇ ਹਨ ਕਿ ਈਸ਼ਵਰ ਨੇ ਇੱਛਾ ਮਾਤਰ ਤੋਂ ਹੀ ਸੰਸਾਰ ਦੀ ਰਚਨਾ ਕਰ ਦਿਤੀ। ਪ੍ਰਮਾਤਮਾ ਨੂੰ ਜਿਵੇਂ ਹੀ ਇੱਛਾ ਪੈਦਾ ਹੋਈ ਕਿ ਦੁਨੀਆ ਤਿਆਰ ਹੋਵੇ ਤਦ ਪਹਾੜ, ਪਰਬਤ, ਚੰਦ-ਸੂਰਜ, ਥਲ ਤੇ ਸਮੁੰਦਰ ਤਿਆਰ ਹੋ ਗਏ। ਜੈਨ-ਦਰਸ਼ਨ ਇਸ ਤੇ ਤਰਕ ਕਰਦਾ ਹੈ ਕਿ ਈਸ਼ਵਰ ਦੇ ਮਨ ਤਾਂ ਹੈ ਨਹੀਂ ਫਿਰ ਇੱਛਾ ਕਿਸ ਤਰ੍ਹਾਂ ਕਰਦਾ ਹੈ। ਇੱਛਾ ਕਿਸੇ ਉੱਦੇਸ਼ ਲਈ ਹੁੰਦੀ ਹੈ। ਜਗਤ ਬਨਾਉਣ ਵਿਚ ਈਸ਼ਵਰ ਦਾ ਕੀ ਉੱਦੇਸ਼ ਹੈ? ਈਸ਼ਵਰ ਦਿਆਲੂ ਹੈ, ਪਰਮ-ਪਿਤਾ ਹੈ। ਉਹ ਸ਼ੇਰ, ਸੱਪ ਆਦਿ ਦੁਸ਼ਟ-ਹਿੰਸਕ ਜਾਨਵਰਾਂ ਨਾਲ ਰੋਗ, ਦੁੱਖ, ਝਗੜੇ ਆਦਿ ਨਾਲ ਘਿਰੇ ਹੋਏ, ਚੋਰੀ ਯਾਰੀ, ਹਤਿਆ ਆਦਿ ਅਪਰਾਧਾਂ ਨਾਲ ਭਰੇ ਦੁਖੀ ਸੰਸਾਰ ਬਨਾਉਣ ਦੀ ਇੱਛਾ ਕਿਸ ਤਰ੍ਹਾਂ ਕਰ ਸਕਦਾ ਹੈ? ਆਪ ਆਖੋਗੇ—'ਇਹ ਰੱਬ ਦੀ ਲੀਲ੍ਹਾ ਹੈ। ਭਲਾ ਇਹ ਕੀ ਲੀਲ੍ਹਾ ਹੈ? ਬੇਚਾਰੇ ਸੰਸਾਰੀ-ਜੀਵ ਰੋਗ ਸ਼ੋਕ ਆਦਿ ਭਿਅੰਕਰ ਦੁੱਖ ਝੱਲਣ ਤੇ ਹੜ੍ਹ ਆਦਿ ਦੇ ਸਮੇਂ ਨਰਕਾਂ ਦੀ ਹਾਹਾ-ਕਾਰ ਮੱਚ ਜਾਵੇ ਅਤੇ ਉਹ ਈਸ਼ਵਰ ਆਪਣੀ ਇਹ ਸਭ ਲੀਲ੍ਹਾ ਕਰੇ? ਕੋਈ ਵੀ ਭਲਾ ਆਦਮੀ ਇਸ ਰਾਖਸ਼ੀ-ਲੀਲ੍ਹਾ ਲਈ ਤਿਆਰ ਹੋ ਸਕਦਾ ਹੈ? ਜੇ ਪ੍ਰਮਾਤਮਾ ਦਿਆਲੂ ਹੋ ਕੇ ਸੰਸਾਰ ਦਾ ਨਿਰਮਾਣ ਕਰਦਾ ਤਾਂ ਉਹ ਦੀਨ-ਦੁਖੀ ਅਤੇ ਪਾਪੀ ਜੀਵਾਂ ਨੂੰ ਕਿਉਂ ਪੈਦਾ ਕਰਦਾ? ਅੱਜ ਜਿਸਨੂੰ ਦੁਖੀ ਵੇਖਕੇ ਸਾਡਾ ਦਿਲ ਭਰ ਆਉਂਦਾ

ਤੇ ਉਸਨੂੰ ਬਣਾਉਂਦੇ ਤੇ ਦੁੱਖਾਂ-ਭਰੀ ਹਾਲਤ ਵਿਚ ਰਖਦਿਆਂ ਰੱਬ ਨੂੰ ਤਰਸ ਨਾ ਆਇਆ ? ਤਾਂ ਅਸੀਂ ਉਸਨੂੰ ਦਿਆਲੂ ਕਿਸ ਪ੍ਰਕਾਰ ਆਖ ਸਕਦੇ ਹਾਂ ?

ਸਨਾਤਨ ਧਰਮ ਵਿਚ ਕਿਹਾ ਜਾਂਦਾ ਹੈ ਕਿ ਜਦ ਸੰਸਾਰ ਵਿਚ ਪਾਪੀ ਤੇ ਦੁਰਾਚਾਰੀ ਵਧ ਜਾਂਦੇ ਹਨ ਤਾਂ ਉਹਨਾਂ ਦੇ ਨਾਸ਼ ਕਰਣ ਲਈ ਈਸ਼ਵਰ ਅਵਤਾਰ ਧਾਰਣ ਕਰਦਾ ਹੈ। ਆਰੀਆ ਸਮਾਜੀ ਭਰਾ ਇਹ ਵੀ ਮੰਨਦੇ ਹਨ ਕਿ ਰੱਬ ਅਵਤਾਰ ਤਾਂ ਨਹੀਂ ਧਾਰਣ ਕਰਦਾ ਪਰ ਦੁਸ਼ਟਾਂ ਨੂੰ ਸਜ਼ਾ ਜ਼ਰੂਰ ਦਿੰਦਾ ਹੈ। ਜੈਨ ਦਰਸ਼ਨ ਪੁੱਛਦਾ ਹੈ ਕਿ ਈਸ਼ਵਰ ਸਰਵਗਯ (ਸਭ ਕੁਝ ਜਾਨਣ ਵਾਲਾ) ਹੈ, ਉਹ ਜਾਣਦਾ ਹੈ ਕਿ ਇਹ ਪਾਪੀ ਤੇ ਦੁਰਾਚਾਰੀ ਬਣਕੇ ਮੇਰੀ ਸ੍ਰਿਸ਼ਟੀ ਨੂੰ ਤੰਗ ਕਰਣਗੇ ਫਿਰ ਉਹਨਾਂ ਨੂੰ ਬਨਾਉਂਦਾ ਕਿਉਂ ਹੈ ? ਜ਼ਹਿਰ ਦਾ ਪੌਦਾ ਪਹਿਲਾਂ ਲਗਾਉਣਾ ਫਿਰ ਉਸਨੂੰ ਆਪ ਹੀ ਕੱਟਨਾ ਕਿਥੋਂ ਦੀ ਅਕਲਮੰਦੀ ਹੈ ? ਕੋਈ ਵੀ ਬੁੱਧੀਮਾਨ ਮਨੁੱਖ ਇਹ ਨਹੀਂ ਕਰੇਗਾ ਕਿ ਪਹਿਲਾਂ ਬੇ-ਅਰਥ ਚਿੱਕੜ ਵਿਚ ਕਪੜੇ ਖਰਾਬ ਕਰੇ ਤੇ ਫੇਰ ਧੋਵੇ। ਦੂਸਰੀ ਗੱਲ ਇਸ ਸਬੰਧ ਵਿਚ ਇਹ ਹੈ ਕਿ ਉਹ ਪਾਪੀ, ਈਸ਼ਵਰ ਤੋਂ ਵੱਧ ਬਲਵਾਨ ਹਨ ? ਕੀ ਈਸ਼ਵਰ ਉਹਨਾਂ ਨੂੰ ਰੋਕ ਨਹੀਂ ਸਕਦਾ ? ਜੇ ਪ੍ਰਭੂ ਦੀ ਇੱਛਾ ਨਾਲ ਹੀ ਇੰਨਾ ਵੱਡਾ ਜਗਤ ਬਣ ਸਕਦਾ ਹੈ ਤਾਂ ਉਹ ਆਪਣੀ ਪਰਜਾ ਨੂੰ ਦੁਰਾਚਾਰੀ ਤੋਂ ਸਦਾਚਾਰੀ ਨਹੀਂ ਬਣਾ ਸਕਦਾ ? ਜੇ ਉਹ ਸਾਡੇ ਤੇ ਤਰਸ ਰਖਦਾ ਤਾਂ ਉਹ ਅਪਣੀ ਸ਼ਕਤੀ ਨਾਲ

ਦੁਸ਼ਟਾਂ ਨੂੰ ਸੱਜਨ ਬਣਾਉਂਦਾ। ਇਹ ਕਿਥੋਂ ਦਾ ਨਿਆਂ ਹੈ ਕਿ ਪਾਪ ਕਰਦੇ ਸਮੇਂ ਦੋਸ਼ੀਆਂ ਨੂੰ ਰੋਕਣਾ ਨਹੀਂ ਪਰ ਬਾਦ ਵਿਚ ਸਜ਼ਾ ਦੇਣਾ ਤੇ ਨਸ਼ਟ ਕਰਣਾ। ਉਸ ਸਰਬ ਸ਼ਕਤੀਮਾਨ ਨੇ ਜੀਵਾਂ ਵਿਚ ਪਹਿਲਾਂ ਦੁਰਾਚਾਰ ਕਰਣ ਦੀ ਬੁੱਧੀ ਹੀ ਕਿਉਂ ਪੈਦਾ ਕੀਤੀ। ਆਪ ਕਹੋਗੇ :—ਈਸ਼ਵਰ ਨੇ ਜੀਵਾਂ ਨੂੰ ਕਰਮ ਕਰਨ ਵਿਚ ਸੁਤੰਤਰਤਾ ਦੇ ਰੱਖੀ ਹੈ, ਉਹ ਰੋਕ ਨਹੀਂ ਸਕਦਾ। ਤਾਂ ਭਾਈ ਇਹ ਕੀ ਆਜ਼ਾਦੀ ਹੈ? ਸੁਤੰਤਰਤਾ ਸਦਾਚਾਰ ਦੇ ਲਈ ਜਾਂ ਪਾਪਾਂ ਦੇ ਲਈ? ਕੀ ਕੋਈ ਇਨਸਾਫ ਵਾਲਾ ਰਾਜਾ ਅਜੇਹਾ ਕਰੇਗਾ? ਕੀ ਪਹਿਲਾਂ ਅਪਣੀ ਪਰਜਾ ਨੂੰ ਸੁਤੰਤਰ ਰੂਪ ਵਿਚ ਜਾਨ-ਬੁਝ ਕੇ ਚੋਰੀ ਤੇ ਦੁਰਾਚਾਰੀ ਦੀ ਖੁਲ੍ਹ ਦੇਵੇ ਤੇ ਫੇਰ ਸਜ਼ਾ ਦੇਵੇ ਕਿ ਤੂੰ ਚੋਰੀ ਕਿਉਂ ਕੀਤੀ? ਅੱਜ ਦੇ ਪ੍ਰਗਤੀਸ਼ੀਲ ਯੁਗ ਵਿਚ ਇਸ ਤਰ੍ਹਾਂ ਦਾ ਬੁੱਧੂ ਰਾਜਾ ਇਕ ਦਿਨ ਵੀ ਗੱਦੀ ਤੇ ਨਹੀਂ ਰਹਿ ਸਕਦਾ। ਪਤਾ ਨਹੀਂ ਅਜੇਹੇ ਬੁੱਧੂ ਰਬ ਨੂੰ ਰਾਜ ਗੱਦੀ ਤੇ ਬਿਠਾਉਣ ਨਾਲ ਸਾਡੇ ਰੱਬ ਦੇ ਪ੍ਰੇਮੀਆਂ ਦਾ ਕਿਹੜਾ ਮਸਲਾ ਹਲ ਹੁੰਦਾ ਹੈ? ਈਸ਼ਵਰ ਰਾਗ ਤੇ ਦਵੇਸ਼ ਤੋਂ ਰਹਿਤ ਹੈ। ਇਸ ਸਿੱਧਾਂਤ ਨੂੰ ਲੈਂਦਿਆਂ ਉਹ ਸੰਸਾਰ ਨੂੰ ਬਨਾਉਣ ਦੇ ਝੰਝਟ ਵਿਚ ਕਿਉਂ ਪਿਆ? ਰਾਗ ਦਵੇਸ਼ ਤੋਂ ਰਹਿਤ ਵੀਤਰਾਗ ਪੁਰਸ਼ ਸ੍ਰਿਸ਼ਟੀ ਨੂੰ ਰਚਣ ਤੇ ਮਿਟਾਉਣ ਦੇ ਖੇਲ ਨੂੰ ਕਦੇ ਪਸੰਦ ਨਹੀਂ ਕਰ ਸਕਦਾ। ਸੰਸਾਰ ਰਚਨਾ ਵਿਚ ਜਗ੍ਹਾ ਜਗ੍ਹਾ ਰਾਗ ਦਵੇਸ਼ ਦਾ ਸਾਹਮਣਾ ਕਰਣਾ ਪਵੇਗਾ। ਕਿਸੇ ਨੂੰ ਸੁਖੀ ਕਰਨਾ ਪਵੇਗਾ ਕਿਸੇ ਨੂੰ ਦੁਖੀ, ਕਿਸੇ ਨੂੰ

ਗਰੀਬ ਅਤੇ ਕਿਸੇ ਨੂੰ ਅਮੀਰ। ਕਿਸੇ ਨੂੰ ਕਸ਼ਮੀਰ ਜਿਹੇ ਸੁਵਰਗ ਵਿਚ ਕਿਸੇ ਨੂੰ ਤਪਦੇ ਰੇਗਿਸਤਾਨ ਵਿਚ ਰਹਿਣਾ ਪਵੇਗਾ। ਬਿਨਾਂ ਰਾਗ ਦਵੇਸ਼ ਦੇ ਇਹ ਸਭ ਕਿਵੇਂ ਸੰਭਵ ਹੋਵੇਗਾ।

## ❀ ਕਰਤਾ ਦੇ ਚੱਕਰ ਵਿਚ ਕਿਉਂ ਪਵੋ ?

ਜੇ ਤੁਸੀਂ ਆਖੋ ਕਿ ਰੱਬ ਜਾਂ ਈਸ਼ਵਰ ਅਪਣੀ ਇੱਛਾ ਨਾਲ ਨਹੀਂ ਕਰਦਾ ਕਿਸੇ ਦੀ ਇੱਛਾ ਨਾਲ ਕਰਦਾ ਹੈ ਤਾਂ ਇਸ ਦਾ ਜਵਾਬ ਹੈ ਕਿ ਜੇ ਕਿਸੇ ਦੀ ਇੱਛਾ ਤੇ ਜ਼ਬਰਦਸਤੀ ਇਹ ਨੀਰਸ ਕੰਮ ਰੱਬ ਨੂੰ ਕਰਨਾ ਪੈਂਦਾ ਹੈ ਤਾਂ ਰੱਬ ਹੀ ਕਾਹਦਾ ਹੋਇਆ ? ਫਿਰ ਤੇ ਜ਼ਬਰਦਸਤੀ ਕੰਮ ਕਰਵਾਉਣ ਵਾਲੀ ਸ਼ਕਤੀ ਰੱਬ ਅਖਵਾਏਗੀ। ਦੂਸਰੀ ਗੱਲ ਇਹ ਹੈ ਈਸ਼ਵਰ (ਕ੍ਰਿਤ ਕ੍ਰਿਤ ਹੋ ਕ੍ਰਿਤ ਕ੍ਰਿਤ) ਉਸਨੂੰ ਆਖਦੇ ਹਨ ਜਿਸ ਦਾ ਕੰਮ ਬਾਕੀ ਨਾ ਰਿਹਾ ਹੋਵੇ। ਜੇ ਸੰਸਾਰ ਦੇ ਕੰਮ ਈਸ਼ਵਰ ਨੇ ਹੀ ਕਰਨੇ ਹਨ ਤਾਂ ਉਹ ਕ੍ਰਿਤ ਕ੍ਰਿਤ ਨਹੀਂ ਰਹਿ ਸਕਦਾ। ਫਿਰ ਉਹ ਆਦਮੀ (ਉਲਝਣਾਂ ਵਿਚ ਫਸਿਆ ਹੋਇਆ) ਹੀ ਅਖਵਾਏਗਾ।

ਤੁਸੀਂ ਫੇਰ ਪੁਰਾਣਾ ਤਰਕ ਪੇਸ਼ ਕਰੋਗੇ ਕਿ ਰੱਬ ਆਪ ਕੰਮ ਨਹੀਂ ਕਰਦਾ ਉਹ ਤਾਂ ਜੀਵਾਂ ਦਾ ਜਿਹਾ ਕਰਮ ਹੁੰਦਾ ਹੈ ਫਲ ਦੇਣ ਦਾ ਕੰਮ ਕਰਦਾ ਹੈ। ਇਹ ਕੰਮ ਪਾਗਲਾਂ ਨੂੰ ਬਹਿਕਾਉਣ ਵਾਲਾ ਹੋ ਸਕਦਾ ਹੈ। ਇਸ ਵਿਚ ਅਸੀਂ ਇਕ

ਸੁੰਦਰ ਉਦਾਹਰਣ ਦੇ ਕੇ ਇਸ ਤਰਕ ਦਾ ਖੰਡਨ ਕਰਦੇ ਹਾਂ।

ਇਕ ਧਨੀ ਆਦਮੀ ਹੈ। ਉਸਨੇ ਕੁਝ ਅਜੇਹਾ ਕਰਮ ਕੀਤਾ ਜਿਸਦਾ ਫਲ ਉਸਨੂੰ ਧਨ ਦੇ ਚੋਰੀ ਹੋ ਜਾਣ ਨਾਲ ਮਿਲਦਾ ਹੈ। ਈਸ਼ਵਰ ਆਪ ਧਨ ਚੁਰਾਉਣ ਆਉਂਦਾ ਨਹੀਂ। ਹੁਣ ਧਨ ਕਿਸ ਤੋਂ ਚੁਰਾਏ? ਹਾਂ ਤਾਂ ਕਿਸੇ ਚੋਰ ਰਾਹੀਂ ਧਨ ਚੁਕਵਾਉਂਦਾ ਹੈ। ਅਜੇਹੀ ਹਾਲਤ ਵਿਚ ਜਦ ਕਿ ਇਕ ਚੋਰ ਨੇ ਉਸ ਧਨੀ ਦਾ ਧਨ ਚੁਰਾਇਆ ਤਾਂ ਕੀ ਹੋਇਆ? ਕੋਈ ਵਿਚਾਰਕ ਉੱਤਰ ਦੇ ਸਕਦਾ ਹੈ ਕਿ ਇਸ ਧਨ ਦੀ ਚੋਰੀ ਨਾਲ ਧਨੀ ਨੂੰ ਅਪਣੇ ਪਿਛਲੇ ਕਰਮ ਦਾ ਫਲ ਮਿਲਿਆ ਤੇ ਫੇਰ ਚੋਰ ਨੇ ਨਵਾਂ ਕਰਮ ਪੈਦਾ ਕਰ ਲਿਆ। ਇਸ ਨਵੇਂ ਕਰਮ ਦਾ ਫਲ ਈਸ਼ਵਰ ਨੇ ਰਾਜਾ ਰਾਹੀਂ ਚੋਰ ਨੂੰ ਜੇਲ ਪਹੁੰਚਾ ਕੇ ਦਿਵਾਇਆ। ਹੁਣ ਦਸੋ ਕਿ ਚੋਰ ਨੇ ਧਨੀ ਦਾ ਧਨ ਚੁਰਾਉਣ ਦੀ ਕੋਸ਼ਿਸ਼ ਕੀਤੀ ਉਹ ਅਪਣੀ ਸੁਤੰਤਰਤਾ ਨਾਲ ਜਾਂ ਰੱਬੀ ਰਜ਼ਾ ਨਾਲ? ਜੇ ਅਪਣੀ ਮਰਜ਼ੀ ਨਾਲ ਕੀਤੀ ਹੈ ਤਾਂ ਇਸ ਵਿਚ ਈਸ਼ਵਰ ਦੀ ਪ੍ਰੇਰਣਾ ਕੁਝ ਨਹੀਂ। ਤਾਂ ਫਿਰ ਜੋ ਕਰਮ ਦਾ ਫਲ ਧਨੀ ਨੂੰ ਮਿਲਿਆ, ਈਸ਼ਵਰ ਦਾ ਦਿੱਤਾ ਨਹੀਂ ਮਿਲਿਆ। ਜੇ ਈਸ਼ਵਰ ਦੀ ਪ੍ਰੇਰਣਾ ਨਾਲ ਚੋਰ ਨੇ ਚੋਰੀ ਕੀਤੀ ਤਾਂ ਉਹ ਆਪ ਕਰਮ ਕਰਣ ਵਿਚ ਆਜ਼ਾਦ ਨਾ ਹੋਇਆ ਤੇ ਬੇ-ਕਸੂਰ ਹੋਇਆ। ਹੁਣ ਜਿਹੜਾ ਰੱਬ ਰਾਜੇ ਰਾਹੀਂ ਚੋਰ ਨੂੰ ਸਜ਼ਾ ਦਿਲਵਾਂਦਾ ਹੈ, ਉਹ ਕਿਸ ਇਨਸਾਫ ਤੇ? ਪਹਿਲਾਂ ਆਪ ਹੀ ਚੋਰੀ ਕਰਵਾ ਕੇ ਫਿਰ ਸਜ਼ਾ ਦਿਲਾਉਣਾ, ਕਿਸ ਸੰਸਾਰ

ਦਾ ਇਨਸਾਫ ਹੈ ?

ਇਹ ਇਕ ਉਦਾਹਰਣ ਹੈ । ਇਸ ਉਦਾਹਰਣ ਨਾਲ ਹੀ ਝਗੜੇ ਦਾ ਹੱਲ ਹੋ ਜਾਂਦਾ ਹੈ । ਈਸ਼ਵਰ ਨੂੰ ਸਸਾਰੀ ਝਗੜੇ ਵਿਚ ਪੈਣ ਵਾਲਾ ਤੇ ਕਰਮ ਦੇਣ ਵਾਲਾ ਮੰਨੋਗੇ ਤਾਂ ਸੰਸਾਰ ਵਿਚ ਜਿੰਨੇ ਵੀ ਅਤਿਆਚਾਰ ਤੇ ਦੁਰਾਚਾਰ ਹਨ ਉਹਨਾਂ ਸਭਨਾਂ ਦਾ ਕਰਨ ਵਾਲਾ ਈਸ਼ਵਰ ਹੀ ਮੰਨਿਆ ਜਾਵੇਗਾ । ਇਸ ਦੇ ਲਈ ਠੋਸ ਪ੍ਰਮਾਣ ਇਹ ਹੈ ਕਿ ਜਿੰਨੇ ਵੀ ਕਰਮ ਫਲ ਮਿਲ ਰਹੇ ਹਨ, ਸਭ ਦੇ ਪਿੱਛੇ ਰੱਬ ਦਾ ਹੱਥ ਹੈ । ਅਤੇ ਇਹ ਚੰਗਾ ਤਮਾਸ਼ਾ ਹੁੰਦਾ ਹੈ ਕਿ ਦੋਸ਼ ਕਰੇ ਰੱਬ ਤੇ ਸਜ਼ਾ ਭੁਗਤੇ ਬੰਦਾ ।


## ❀ ਭਗਤੀ ਦਾ ਆਦਰਸ਼

ਜੈਨ ਧਰਮ ਪ੍ਰਮਾਤਮਾ ਨੂੰ ਜਗੜੇ ਦਾ ਕਰਤਾ ਤੇ ਕਰਮ ਫਲ ਦਾ ਦਾਤਾ ਨਹੀਂ ਮੰਨਦਾ । ਇਸ ਤੇ ਸਾਡੇ ਬਹੁਤ ਸਾਰੇ ਪ੍ਰੇਮੀ ਕਿਹਾ ਕਰਦੇ ਸਨ ਕਿ ਜੇ ਪ੍ਰਮਾਤਮਾ ਸਾਨੂੰ ਦੁੱਖ-ਸੁੱਖ ਨਹੀਂ ਦਿੰਦਾ, ਤਾਂ ਉਸਦੀ ਭਗਤੀ ਕਰਨ ਦਾ ਕੀ ਲਾਭ ਹੈ ? ਜੇ ਸਾਡੇ ਕੰਮ ਨਹੀਂ ਆਉਂਦਾ, ਉਸ ਦੀ ਭਗਤੀ ਦੀ ਕੀ ਜ਼ਰੂਰਤ ? ਜੈਨ ਧਰਮ ਜਵਾਬ ਦਿੰਦਾ ਹੈ, ਕੀ ਭਗਤੀ ਦਾ ਭਾਵ ਕੰਮ ਲੈਣਾ ਹੈ ? ਰੱਬ ਨੂੰ ਮਜ਼ਦੂਰ ਬਣਾਏ ਬਿਨਾ ਭਗਤੀ ਨਹੀਂ ਹੋ ਸਕਦੀ ? ਇਹ ਭਗਤੀ ਕੀ ? ਇਹ ਤਾਂ ਇਕ ਤਰ੍ਹਾਂ ਦਾ ਵਿਉਪਾਰ ਹੈ । ਇਸ ਤਰ੍ਹਾਂ ਕਰਤਾ-ਵਾਦੀਆਂ

ਦੀ ਭਗਤੀ, ਭਗਤੀ ਨਹੀਂ ਈਸ਼ਵਰ ਨਾਲ ਚਾਪਲੂਸੀ ਹੈ ਅਤੇ ਅਪਣੇ ਸੁਖ ਦੇ ਲਈ ਚਾਪਲੂਸੀ ਕਰਨਾ ਜਾਂ ਰਿਸ਼ਵਤ ਦੇਣਾ ਬਰਾਬਰ ਹੈ। ਜੈਨ ਧਰਮ ਵਿਚ ਤਾਂ ਬਿਨਾ ਕਿਸੇ ਇੱਛਾ ਦੇ ਪ੍ਰਭੂ ਭਗਤੀ ਕਰਨਾ ਹੀ ਸੱਚੀ ਭਗਤੀ ਹੈ। ਨਿਸ਼ਕਾਮ ਭਗਤੀ ਹੀ ਸਰਵਉੱਚ ਭਗਤੀ ਹੈ। ਹੁਣ ਰਿਹਾ ਇਹ ਸਵਾਲ ਕਿ ਆਖਿਰ ਇਸ ਭਗਤੀ ਤੋਂ ਕੀ ਲਾਭ ਹੈ। ਇਸ ਦਾ ਉੱਤਰ ਇਹ ਹੈ ਕਿ ਪ੍ਰਮਾਤਮਾ ਅਧਿਆਤਮਕ ਉੱਚਤਾ ਦਾ ਆਦਰਸ਼ ਹੈ ਤੇ ਇਸ ਆਦਰਸ਼ ਦਾ ਉਚਿਤ ਸਿਮਰਨ ਸਾਨੂੰ ਰੱਬੀ ਭਗਤੀ ਰਾਹੀਂ ਹੁੰਦਾ ਹੈ। ਮਨੋਵਿਗਿਆਨ ਸ਼ਾਸਤਰ ਦਾ ਇਹ ਨਿਯਮ ਹੈ ਕਿ ਜੋ ਮਨੁੱਖ ਜਿਸ ਤਰ੍ਹਾਂ ਦੀ ਵਸਤੂ ਬਾਰੇ ਲਗਾਤਾਰ ਵਿਚਾਰ ਕਰਦਾ ਹੈ, ਚਿੰਤਨ ਕਰਦਾ ਹੈ। ਸਮਾਂ ਪੈਣ ਤੇ ਉਹ ਉਸੇ ਤਰ੍ਹਾਂ ਦਾ ਬਣ ਜਾਂਦਾ ਹੈ ਅਤੇ ਉਸੇ ਤਰ੍ਹਾਂ ਦੀ ਉਸਦੀ ਮਨੋਵਿਰਤੀ ਹੋ ਜਾਂਦੀ ਹੈ। ਜਿਸ ਦੀ ਜੇਹੀ ਭਾਵਨਾ ਹੁੰਦੀ ਹੈ ਉਹ ਉਸੇ ਤਰ੍ਹਾਂ ਦਾ ਰੂਪ ਧਾਰਣ ਕਰ ਲੈਂਦਾ ਹੈ। ਇਸ ਨਿਯਮ ਦੇ ਅਨੁਸਾਰ ਪ੍ਰਮਾਤਮਾ ਦਾ ਚਿੰਤਨ, ਮੰਨਨ ਤੇ ਸਿਮਰਣ ਕਰਣ ਨਾਲ ਪ੍ਰਮਾਤਮਾ ਪਦ ਦੀ ਪ੍ਰਾਪਤੀ ਹੁੰਦੀ ਹੈ। ਇਹ ਪ੍ਰਾਪਤੀ ਕੀ ਕੁਝ ਘੱਟ ਹੈ ?

ਇਸ ਲਈ ਸਾਨੂੰ ਇਹ ਮੰਨਨਾ ਪਵੇਗਾ ਕਿ ਜੈਨ ਧਰਮ ਦੀ ਭਗਤੀ, ਭਗਤ ਨੂੰ ਭਗਤ ਨਹੀਂ, ਸਗੋਂ ਭਗਵਾਨ ਬਣਾ ਦਿੰਦੀ ਹੈ ਪਰ ਇਸ ਲਈ ਪਹਿਲੀ ਸ਼ਰਤ ਇਹ ਹੈ ਕਿ ਆਤਮਾ ਦੀ ਸ਼ੁੱਧਤਾ ਤੇ ਭਗਤੀ ਵਿਚ ਵਿਸ਼ਵਾਸ਼ ਲਿਆਵੇ ਤੇ ਸਾਧਨਾ ਦੇ ਰਾਹ ਤੇ ਅੱਗੇ ਵਧ ਜਾਵੇ।

ਪਾਰਸ ਲੋਹੇ ਦਾ ਸੋਨਾ ਬਣਾ ਦਿੰਦਾ ਹੈ। ਇਸ ਵਿਚ ਪਾਰਸ ਦਾ ਕੋਈ ਚਮਤਕਾਰ ਨਹੀਂ। ਪਾਰਸ ਦਾ ਚਮਤਕਾਰ ਤਾਂ ਇਸ ਵਿਚ ਹੈ ਕਿ ਉਹ ਲੋਹੇ ਨੂੰ ਵੀ ਪਾਰਸ ਬਣਾ ਦੇਵੇ। ਜੈਨ ਧਰਮ ਦੀ ਸਾਧਨਾ ਦਾ ਵੱਡਾ ਚਮਤਕਾਰ ਲੋਹੇ ਨੂੰ ਪਾਰਸ ਬਣਾ ਦਿੰਦਾ ਹੈ।



## ● ਆਤਮਾ :

❀ ਜੋ ਇਕ ਆਤਮ-ਸਰੂਪ ਨੂੰ ਜਾਣਦਾ ਹੈ, ਉਹ ਸਭ ਕੁਝ ਜਾਣਦਾ ਹੈ। [ਅਚਾਰਾਂਗ]

❀ ਪੁਰਖ ! ਤੂੰ ਆਪ ਹੀ ਆਪਣਾ ਮਿੱਤਰ ਹੈਂ, ਤੂੰ ਬਾਹਰਲੇ ਸੰਸਾਰ ਵਿਚ ਆਪਣਾ ਮਿੱਤਰ ਕਿਉਂ ਤਲਾਸ਼ ਕਰਦਾ ਹੈਂ ? [ਅਚਾਰਾਗ]

❀ ਮੈਂ ਸੁਣਿਆ ਹੈ, ਅਤੇ ਅਨੁਭਵ ਕੀਤਾ ਹੈ ਕਿ ਬੰਧ ਤੇ ਮੋਕਸ਼ ਤੇਰੀ ਆਤਮਾ ਤੇ ਹੀ ਨਿਰਭਰ ਕਰਦੇ ਹਨ। [ਅਚਾਰਾਂਗ]

❀ ਆਪਣੀ ਆਤਮਾ ਹੀ ਨਰਕ ਦੀ ਵੈਤਰਨੀ ਨਦੀ ਅਤੇ ਕੁਟਸ਼ਾਮਲੀ ਬ੍ਰਿਛ ਹੈ ਅਤੇ ਆਪਣੀ ਆਤਮਾ ਹੀ ਸਵਰਗ ਅਤੇ ਕਾਮਧੇਨੂ ਗਊ ਹੈ। [ਉਤਰਾਧਿਅਨ]

❀ ਆਪਣੀ ਆਤਮਾ ਦੇ ਨਾਲ ਹੀ ਯੁੱਧ ਕਰਨਾ ਚਾਹੀਦਾ ਹੈ। ਬਾਹਰਲੇ ਦੁਸ਼ਮਨ ਦੇ ਨਾਲ ਯੁੱਧ ਤੋਂ ਕੀ ਲਾਭ ? ਆਤਮਾ ਦੇ ਰਾਹੀਂ ਆਤਮ-ਵਿਜੇਤਾ ਹੋਣ ਵਾਲਾ ਅਸਲ ਵਿਚ ਪੂਰਣ ਸੁਖੀ ਹੁੰਦਾ ਹੈ। [ਉਤਰਾਧਿਆਨ]

❀ ਮਨੁੱਖੋ ! ਜਾਗੋ... ... ...ਜਾਗੋ। ਤੁਸੀਂ ਕਿਉਂ ਨਹੀਂ ਜਾਗਦੇ। ਪਰਲੋਕ ਵਿਚ ਮੁੜ ਜਾਗਣਾ ਦੁਰਲਭ ਹੈ। ਬੀਤੀਆਂ ਹੋਈਆਂ ਰਾਤਾਂ ਕਦੇ ਵਾਪਿਸ ਨਹੀਂ ਆਉਂਦੀਆਂ। ਮਨੁੱਖੀ ਜੀਵਨ ਦੁਵਾਰਾ ਮਿਲਣਾ ਆਸਾਨ ਨਹੀਂ। [ਸੂਤਰਕ੍ਰਿਤਾਂਗ]

❀ ਜੋ ਆਤਮਾ ਹੈ, ਉਹ ਹੀ ਗਿਆਨ ਹੈ। ਜੋ ਗਿਆਨ ਹੈ, ਉਹ ਹੀ ਆਤਮਾ ਹੈ। ਕਿਉਂਕਿ ਗਿਆਨ ਦੇ ਕਾਰਣ ਹੀ ਆਤਮਾ ਸ਼ਬਦ ਦਾ ਪ੍ਰਯੋਗ ਹੁੰਦਾ ਹੈ।

[ਅਚਾਰਾਂਗ]

❀ ਹਰ ਵਿਚਾਰਕ ਹਰ ਰੋਜ਼ ਸੋਚ-ਵਿਚਾਰ ਕਰੇ ਕਿ ਮੈਂ ਕੀ ਕਰ ਲਿਆ ਹੈ। ਤੇ ਕੀ ਕਰਨਾ ਬਾਕੀ ਹੈ, ਕਿਹੜਾ ਕੰਮ ਸ਼ੱਕ ਵਾਲਾ ਹੈ ਜਿਸਨੂੰ ਮੈਂ ਨਹੀਂ ਕਰ ਸਕਦਾ ?

[ਦਸ਼ਵੈਕਾਲਿਕ ਚੂਲਿਕਾ]

❀ ਆਤਮਾ ਹੀ ਆਪਣੇ-ਆਪਣੇ ਸੁੱਖ-ਦੁੱਖ ਦਾ ਕਰਤਾ ਤੇ ਭੋਗਣ ਵਾਲਾ ਹੈ। ਚੰਗੇ ਰਸਤੇ ਤੇ ਚੱਲਣ ਵਾਲਾ ਆਤਮਾ ਹੀ ਆਪਣਾ ਮਿੱਤਰ ਹੈ। ਬੁਰੇ ਰਸਤੇ ਤੇ ਚੱਲਣ ਵਾਲੀ ਆਤਮਾ ਆਪਣਾ ਦੁਸ਼ਮਨ ਹੈ। [ਉਤਰਾਧਿਆਨ]

❀ ਮਨੁੱਖ ! ਤੂੰ ਆਪਣੇ ਆਪ ਨੂੰ ਵੱਸ ਵਿਚ ਕਰ। ਇਸ ਪ੍ਰਕਾਰ ਤੂੰ ਦੁੱਖਾਂ ਤੋਂ ਛੁਟਕਾਰਾ ਪਾ ਜਾਵੇਂਗਾ।

[ਆਚਾਰਾਂਗ]

❀ ਪਹਿਲਾਂ ਗਿਆਨ ਹੈ, ਪਿੱਛੋਂ ਦਿਆ ਅਤੇ ਆਚ-ਰਣ। ਇਸ ਪ੍ਰਕਾਰ ਸਮੁੱਚਾ ਤਿਆਗੀ-ਵਰਗ ਆਪਣੀ ਸੰਜਮ-ਯਾਤਰਾ ਦੇ ਲਈ ਅੱਗੇ ਵੱਧਦਾ ਹੈ। ਭਲਾ ਅਗਿਆਨੀ ਮਨੁੱਖ ਕੀ ਆਤਮ-ਸਾਧਨਾ ਕਰੇਗਾ ? [ਦਸ਼ਵੈਕਾਲਿਕ]

❀ ਮਨੁੱਖੀ ਜੀਵਨ ਪਾ ਕੇ ਵਾਸ਼ਨਾਵਾਂ ਨਾਲ ਯੁੱਧ ਕਰੋ। ਬਾਹਰਲੇ ਯੁੱਧਾਂ ਨਾਲ ਉਸਨੂੰ ਕੀ ? ਜੇ ਰਹਿ ਗਏ,

ਤਾਂ ਯੁੱਧ ਦੇ ਯੋਗ ਨਰ-ਜੀਵਨ ਮਿਲਣਾ ਕਠਿਨ ਹੈ।
[ਅਚਾਰਾਂਗ]

❀ ਸਿਰ ਕੱਟਣ ਵਾਲਾ ਦੁਸ਼ਮਣ ਵੀ ਉਨਾਂ ਬੁਰਾ ਨਹੀਂ ਕਰਦਾ, ਜਿੰਨਾਂ ਭੈੜੇ ਵਿਵਹਾਰ ਵਿਚ ਲੱਗੀ ਆਤਮਾ ਕਰਦੀ ਹੈ। [ਉਤਰਾਧਿਆਨ]

❀ ਗਿਆਨ, ਦਰਸ਼ਨ ਤੇ ਚਰਿੱਤਰ ਨਾਲ ਭਰਪੂਰ ਮੇਰੀ ਆਤਮਾ ਹੀ ਸ਼ਾਸਵਤ ਹੈ, ਸੱਚ ਸਨਾਤਨ ਹੈ। ਆਤਮਾ ਤੋਂ ਸਿਵਾ ਦੂਜੇ ਸਭ ਪਦਾਰਥ ਸੰਜੋਗ ਨਾਲ ਮਿਲੇ ਹਨ।
[ਸੰਥਾਰਪਇਨਾ]

○ **ਕਰਮਵਾਦ :**

❀ ਇਸ ਸੰਸਾਰ ਵਿਚ ਜੋ ਵੀ ਪ੍ਰਾਣੀ ਹੈ, ਉਹ ਆਪਣੇ-ਆਪਣੇ ਕੀਤੇ (ਇਕੱਠੇ) ਗਏ ਕਰਮਾਂ ਅਨੁਸਾਰ ਸੰਸਾਰ ਵਿਚ ਵਿਚਰਦੇ ਹਨ। ਆਪਣੇ-ਆਪਣੇ ਕੀਤੇ ਕਰਮਾਂ ਅਨੁਸਾਰ ਹੀ ਭਿੰਨ-ਭਿੰਨ ਯੋਨੀਆਂ ਪਾਉਂਦੇ ਹਨ। ਫਲ ਭੋਗੇ ਬਿਨਾਂ ਕੀਤੇ ਕਰਮਾਂ ਤੋਂ ਪ੍ਰਾਣੀ ਛੁੱਟ ਨਹੀਂ ਸਕਦਾ।
[ਸੂ: ੧੨/੧:੪]

❀ ਸਭ ਪ੍ਰਾਣੀ ਅਨੇਕਾਂ ਕਰਮਾਂ ਅਨੁਸਾਰ ਅੱਡ-ਅੱਡ ਯੋਨੀਆਂ ਵਿਚ ਰਹਿ ਰਹੇ ਹਨ। ਕਰਮਾਂ ਦੀ ਅਧੀਨਤਾ ਦੇ ਕਾਰਣ, ਅਥਾਹ ਦੁੱਖ ਤੋਂ ਦੁਖੀ ਜਨਮ, ਬੁਢਾਪਾ, ਬੀਮਾਰੀ ਤੇ ਮੌਤ ਤੋਂ ਸਦਾ ਡਰਦੇ ਹੋਏ ਚਾਰ ਗਤੀ ਰੂਪ ਸੰਸਾਰ ਦੇ ਚੱਕਰ ਵਿਚ ਭਟਕਦੇ ਹਨ। (ਸੂ: ੧੨/੩:੧੮)

* ਜਿਵੇਂ ਪਾਪੀ ਚੋਰ ਮੌਕੇ ਤੇ ਪਕੜਿਆ ਜਾਣ ਤੇ ਆਪਣੇ ਕਰਮ ਅਨੁਸਾਰ ਦੁੱਖ ਭੋਗਦਾ ਹੈ ਉਸ ਪ੍ਰਕਾਰ ਨਾਲ ਇਸ ਲੋਕ ਜਾਂ ਭੁਲੋਕ ਵਿਚ ਕਰਮਾਂ ਦੇ ਫਲ ਭੋਗਣੇ ਹੀ ਪੈਂਦੇ ਹਨ। ਫਲ ਭੋਗੇ ਬਿਨਾਂ ਕੀਤੇ ਕਰਮਾਂ ਤੋਂ ਛੁਟਕਾਰਾ ਨਹੀਂ ਮਿਲ ਸਕਦਾ। (ਉਤਰਾ: ੪-੩)

❀ ਰਾਗ ਤੇ ਦਵੇਸ਼, ਇਹ ਦੋ ਕਰਮਾਂ ਦੇ ਬੀਜ ਹਨ। ਕਰਮ ਮੋਤ ਤੋਂ ਉਤਪੰਨ ਹੁੰਦਾ ਹੈ, ਅਜਿਹਾ ਗਿਆਨੀਆਂ ਦਾ ਕਥਨ ਹੈ। (ਉਤਰਾ: ੩੨-੭)

❀ ਕਰਮ ਜਨਮ ਤੇ ਮਰਨ ਦਾ ਮੂਲ ਹੈ ਅਤੇ ਜਨਮ-ਮਰਣ ਨੂੰ ਹੀ ਦੁੱਖ ਦੀ ਪਰੰਪਰਾ ਆਖਦੇ ਹਨ। (ਉਤਰਾ: ੩੨-੭)

❀ ਜਿਸ ਤਰ੍ਹਾਂ ਜੜ ਦੇ ਸੁਕ ਜਾਣ ਤੇ ਸਿੰਜਣ ਨਾਲ ਵੀ ਦਰਖਤ ਲਹਿਲਹਾਂਦਾ, ਹਰਾ-ਭਰਾ ਨਹੀਂ ਹੁੰਦਾ, ਇਸ ਪ੍ਰਕਾਰ ਨਾਲ ਮੋਹ ਕਰਮ ਦੇ ਖਤਮ ਹੋ ਜਾਣ ਤੇ ਫੇਰ ਕਰਮ ਪੈਦਾ ਨਹੀਂ ਹੁੰਦੇ। (ਦਸ਼ਾਸੂਤਰਸਕਾਂਧ ੫)

❀ ਜਿਸ ਤਰ੍ਹਾਂ ਜਲੇ ਬੀਜਾਂ ਤੋਂ ਫਿਰ ਅੰਕੁਰ ਨਹੀਂ ਪੈਦਾ ਹੁੰਦੇ, ਉਸੇ ਪ੍ਰਕਾਰ ਕਰਮ-ਰੂਪੀ ਬੀਜ ਦੇ ਜਲ ਜਾਣ ਨਾਲ ਜਨਮਾਂ ਦੇ ਚੱਕਰ-ਰੂਪੀ ਅੰਕੁਰ (ਪੌਦੇ) ਉਤਪੰਨ ਨਹੀਂ ਹੁੰਦੇ। (ਦਸ਼ਾਸੂਤਰ ਸਕੰਧ ੫-੧੫)

❀ ਜਿਵੇਂ ਰਾਗ ਦਵੇਸ਼ ਦੁਆਰਾ ਪੈਦਾ ਹੋਏ ਕਰਮਾਂ ਦੇ ਫਲ ਬੁਰੇ ਹੁੰਦੇ ਹਨ ਉਸੇ ਪ੍ਰਕਾਰ ਹੀ ਸਭ ਕਰਮਾਂ

ਦੇ ਖਾਤਮੇ ਤੇ ਜੀਵ ਸਿੱਧ (ਮੁਕਤ) ਹੋ ਕੇ ਸਿਧ-ਲੋਕ ਨੂੰ ਪਹੁੰਚਦੇ ਹਨ। (ਔਪਪਾਤਿਕ)

❀ ਆਤਮਾ ਅਮੂਰਤ (ਸ਼ਕਲ-ਰਹਿਤ) ਹੈ, ਇਸ ਲਈ ਇੰਦ੍ਰੀਆਂ ਦਵਾਰਾ ਗ੍ਰਹਿਣ ਨਹੀਂ ਕੀਤੀ ਜਾ ਸਕਦੀ। ਅਮੂਰਤ ਹੋਣ ਕਾਰਣ ਆਤਮਾ ਨਿਤ (ਹਮੇਸ਼ਾ) ਰਹਿਣ ਵਾਲਾ ਹੈ। ਅਗਿਆਨ ਆਦਿ ਕਾਰਨਾਂ ਹੀ ਆਤਮਾ ਦੇ ਕਰਮ-ਬੰਧਨ ਹਨ ਅਤੇ ਕਰਮ-ਬੰਧਨ ਹੀ ਸੰਸਾਰ ਦਾ ਕਾਰਨ ਅਖਵਾਉਂਦਾ ਹੈ। (ਉਤਰਾ: ੧੪-੧੯)

## ○ ਅਹਿੰਸਾ :

❀ ਜਿਵੇਂ ਮੈਨੂੰ ਦੁੱਖ ਚੰਗਾ ਨਹੀਂ ਲਗਦਾ, ਉਸ ਪ੍ਰਕਾਰ ਸਾਰੇ ਜੀਵਾਂ ਨੂੰ ਦੁੱਖ ਚੰਗਾ ਨਹੀਂ ਲਗਦਾ। ਇਹ ਸਮਝਕੇ ਜੋ ਨਾ ਆਪ ਹਿੰਸਾ ਕਰਦਾ ਹੈ ਅਤੇ ਨਾ ਦੂਸਰੇ ਤੋਂ ਕਰਵਾਉਂਦਾ ਹੈ, ਉਹ ਹੀ ਸ਼੍ਰਮਣ ਹੈ, ਭਿਕਸ਼ੂ ਹੈ।

❀ ਕਿਸੇ ਵੀ ਪ੍ਰਾਣੀ ਦੀ ਹਿੰਸਾ ਨਾ ਕਰਨਾ ਹੀ ਗਿਆਨੀ ਹੋਣ ਦਾ ਸਾਰ ਹੈ। ਅਹਿੰਸਕ ਸਰਬ-ਸਰੇਸ਼ਠ-ਸਿਧਾਂਤ ਹੈ। (ਸੂਤਰਕ੍ਰਿਤਾਂਗ)

❀ ਵੈਰ ਰਖਣ ਵਾਲਾ ਮਨੁੱਖ ਸਦਾ ਵੈਰ ਹੀ ਕਰਦਾ ਹੈ, ਉਹ ਵੈਰ ਵਿਚ ਹੀ ਅਨੰਦ ਮੰਨਦਾ ਹੈ। ਹਿੰਸਾ ਕਰਮ-ਪਾਪ ਨੂੰ ਉਤਪੰਨ ਕਰਨ ਵਾਲੇ ਹਨ। ਅੰਤ ਵਿਚ ਦੁੱਖ ਦੇਣ ਵਾਲੇ ਹਨ। (ਸੂਤਰਕ੍ਰਿਤਾਂਗ)

❀ ਜੀਵ-ਹਿੰਸਾ ਆਪਣੀ ਹਿੰਸਾ ਹੈ। ਜੀਵ-ਦਿਆ ਆਪਣੀ ਦਿਆ ਹੈ। ਇਸ ਦ੍ਰਿਸ਼ਟੀ ਨੂੰ ਲੈ ਕੇ ਸੱਚੇ ਸਾਧੂ ਨੇ ਹਮੇਸ਼ਾ ਹੀ ਹਿੰਸਾ ਦਾ ਤਿਆਗ ਕੀਤਾ ਹੈ।

(ਭਗਤਪ੍ਰਗਿਆ)

❀ ਸੰਸਾਰ ਵਿਚ ਜੋ ਕੁਝ ਵੀ ਸੱਚਾ, ਸੁਖ, ਪ੍ਰਭਤਾ, ਸਹਿਜ ਸੁੰਦਰਤਾ, ਅਰੋਗਤਾ ਅਤੇ ਸੁਭਾਗ ਵਿਖਾਈ ਦਿੰਦੇ ਹਨ। ਉਹ ਅਹਿੰਸਾ ਦੇ ਹੀ ਫਲ ਹਨ।

❀ ਸੰਸਾਰ ਵਿਚ ਜਿਸ ਪ੍ਰਕਾਰ ਸੁਮੇਰੂ ਤੇ ਉੱਚੀ ਆਕਾਸ਼ ਤੋਂ ਵਿਸ਼ਾਲ ਕੋਈ ਦੂਜੀ ਨਹੀਂ ਉਸ ਪ੍ਰਕਾਰ ਇਹ ਪੱਕੀ ਗੱਲ ਮੰਨੋ ਕਿ ਸਾਰੇ ਸੰਸਾਰ ਵਿਚ ਅਹਿੰਸਾ ਵਧਕੇ ਕੋਈ ਧਰਮ ਨਹੀਂ। (ਭਗਤਪ੍ਰਗਿਆ)

❀ ਜਿਵੇਂ ਤੈਨੂੰ ਦੁਖ ਭੈੜਾ ਲਗਦਾ ਹੈ। ਉਸ ਪ੍ਰਕਾਰ ਸੰਸਾਰ ਦੇ ਸਾਰੇ ਪ੍ਰਾਣੀਆਂ ਨੂੰ ਦੁਖ ਭੈੜਾ ਲਗਦਾ ਹੈ ਇਹੋ ਸਮਝਕੇ ਸਾਰਿਆਂ ਨਾਲ ਆਪਣੇ ਜਿਹਾ ਸਤਿਕਾਰ ਤੇ ਦਿਆ ਕਰੋ। (ਭਗਤਪ੍ਰਗਿਆ)

❀ ਇਹ ਜੀਵ ਹਿੰਸਾ ਹੀ ਗੱਠ ਹੈ ਅਤੇ ਕਰਮਾਂ ਦਾ ਬੰਧਨ ਹੈ। ਇਹੋ ਮੋਹ ਹੈ। ਇਹੋ ਮ੍ਰਿਤੂ ਹੈ ਅਤੇ ਇਹੋ ਨਰਕ ਹੈ। (ਆਚਾਰਾਂਗ)

( **ਸੱਚ :**

❀ ਮਨੁਖ ! ਸੱਚ ਨੂੰ ਪਹਿਚਾਣ ! ਜੋ ਵਿਦਵਾਨ ਹੈ

ਅਰੇ ਸੱਚ ਨੂੰ ਪਛਾਣਦਾ ਹੈ। ਸੱਚੇ ਮਾਰਗ ਤੇ ਚਲਦਾ ਹੈ ਉਹ ਮ੍ਰਿਤੂ ਨੂੰ ਪਾਰ ਕਰ ਜਾਂਦਾ ਹੈ। (ਆਚਾਰਾਂਗ)

❀ ਸੱਚ ਹੀ ਪ੍ਰਮਾਤਮਾ ਹੈ। (ਪ੍ਰਸ਼ਨ ਵਿਆਕਰਣ)

❀ ਆਪਣੇ ਸਵਾਰਥ ਦੇ ਲਈ ਜਾਂ ਦੂਸਰੇ ਦੇ ਲਈ ਕਰੋਧ ਤੇ ਭੈ ਨਾਲ ਕਿਸੇ ਮੌਕੇ ਤੇ ਦੂਸਰੇ ਨੂੰ ਕਸ਼ਟ ਦੇਣ ਵਾਲਾ ਝੂਠ ਨਾ ਬੋਲੇ ਅਤੇ ਨਾ ਦੂਸਰੇ ਤੋਂ ਨਾ ਅਖਵਾਓ। (ਦਸਵੈ:)

❀ ਲੋਹੇ ਦੇ ਟੁਕੜੇ-ਤੀਰ ਤਾਂ ਥੋੜੀ ਦੇਰ ਲਈ ਹੀ ਦੁਖ ਦਿੰਦੇ ਹਨ ਅਤੇ ਉਹ ਵੀ ਸਰੀਰ ਵਿਚੋਂ ਬੜੀ ਆਸਾਨੀ ਨਾਲ ਕੱਢੇ ਜਾ ਸਕਦੇ ਹਨ। ਪਰ ਸ਼ਬਦਾਂ ਨਾਲ ਆਖੇ ਤਿੱਖੇ ਬਚਨਾਂ ਦੇ ਤੀਰ ਵੈਰ-ਵਿਰੋਧ ਦੀ ਪਰੰਪਰਾ ਨੂੰ ਵਧਾ ਕੇ ਕਰੋਧ ਉਤਪੰਨ ਕਰਦੇ ਹਨ ਅਤੇ ਜੀਵਨ ਭਰ ਕੌੜੇ ਬਚਨਾਂ ਦਾ ਜੀਵਨ 'ਚੋਂ ਨਿਕਲਣਾ ਕਠਿਨ ਹੈ। (ਦਸਵੈ:)

❀ ਸੱਚ ਹੀ ਲੋਕ ਵਿਚ ਸਾਰ ਤੱਤ ਹੈ। ਇਹ ਵਿਸ਼ਾਲ ਸਮੁੰਦਰ ਤੋਂ ਵੀ ਡੂੰਘਾ ਤੇ ਗੰਭੀਰ ਹੈ। (ਪ੍ਰਸ਼ਨ ਵਿਆਕਰਣ)

* * *

□ **ਬ੍ਰਹਮਚਰਯਾ :**

❋ ਧੀਰ ਪੁਰਸ਼ ! ਭੋਗਾਂ ਦੀ ਆਸ ਤੇ ਲਾਲਸਾ ਛੱਡ ਦੇ ! ਤੂੰ ਆਪ ਇਸ ਕੰਡੇ ਤੋਂ ਕਿਉਂ ਦੁਖੀ ਹੁੰਦਾ ਹੈਂ ? (ਆਚਾਰਾਂਗ)

❋ ਦੇਵਤਿਆਂ ਸਮੇਤ ਸਾਰੇ ਸੰਸਾਰ ਦੇ ਦੁੱਖਾਂ ਦਾ ਮੂਲ ਕਾਰਣ ਕਾਮ-ਭੋਗਾਂ ਦੀ ਵਾਸਨਾ ਹੀ ਹੈ। ਕਾਮ-ਭੋਗਾਂ ਪ੍ਰਤੀ ਵੀਤ-ਰਾਗ (ਆਤਮਾ-ਜੇਤੂ) ਨਿਰਲੇਪ ਸਾਧਕ ਸ਼ਰੀਰਕ ਤੇ ਮਾਨਸਿਕ, ਸਭ ਪ੍ਰਕਾਰ ਦੇ ਦੁੱਖਾਂ ਤੋਂ ਛੁਟਕਾਰਾ ਪਾ ਲੈਂਦਾ ਹੈ। (ਉਤਰਾ:)

❋ ਇੰਦਰੀਆਂ ਦੇ ਵਿਸ਼ਿਆਂ ਨੂੰ ਹੀ ਸੰਸਾਰ ਆਖਦੇ ਹਨ ਅਤੇ ਸੰਸਾਰ ਹੀ ਇੰਦਰੀਆਂ ਦਾ ਵਿਸ਼ਾ ਹੈ। (ਆਚਾਰਾਂਗ)

❋ ਜਿਵੇਂ ਕੱਛੂ ਖਤਰੇ ਦੀ ਜਗ੍ਹਾ ਆਪਣੇ ਅੰਗਾਂ ਨੂੰ ਸਰੀਰ ਵਿਚ ਸਮੇਟ ਲੈਂਦਾ ਹੈ ਉਸੇ ਪ੍ਰਕਾਰ ਪੰਡਤ (ਵਿਦਵਾਨ) ਵੀ ਵਿਸ਼ੈ-ਵਿਕਾਰਾਂ ਤੋਂ ਮੋਹ ਤੋੜ ਕੇ, ਇੰਦਰੀਆਂ ਨੂੰ ਆਤਮ-ਗਿਆਨ ਨਾਲ ਸਮੇਟ ਕੇ ਰਖੇ। (ਸੂਤਕ੍ਰਿਤਾਂਗ)

❀ ਜੋ ਮਨੁਖ ਸੁੰਦਰ ਤੇ ਪਿਆਰੇ ਭੋਗਾ ਨੂੰ ਪ੍ਰਾਪਤ ਕਰਕੇ ਵੀ, ਉਹਨਾਂ ਵਲ ਪਿੱਠ ਫੇਰ ਲੈਂਦਾ ਹੈ। ਸਭ ਪ੍ਰਕਾਰ ਦੇ ਪ੍ਰਾਪਤ ਭੋਗਾਂ ਦਾ ਤਿਆਗ ਕਰਦਾ ਹੈ। ਉਹ ਹੀ ਸਚਾ ਤਿਆਗੀ ਹੈ। (ਦਸਵੈ:)

❀ ਜੋ ਮਨੁਖ ਔਖੇ ਬ੍ਰਹਮਚਰਯ ਵਰਤ ਦਾ ਪਾਲਣ ਕਰਦਾ ਹੈ ਉਸਨੂੰ ਦੇਵਤੇ, ਦਾਨਵ, ਗੰਧਰਵ, ਯਕਸ਼, ਰਾਖਸ਼ ਤੇ ਕਿਨਰ ਆਦਿ ਨਮਸਕਾਰ ਕਰਦੇ ਹਨ। (ਉਤਰਾ:)

## □ ਅਪਰਿਗ੍ਰਹਿ :

(ਜ਼ਰੂਰਤ ਤੋਂ ਵਧ ਚੀਜ਼ਾਂ ਦਾ ਸੰਗ੍ਰਹਿ ਨਾ ਕਰਨਾ)

❀ ਸੰਸਾਰ ਵਿਚ ਸਭ ਜੀਵਾਂ ਨੂੰ ਜਕੜਨ ਵਾਲੇ ਪਰਿਗ੍ਰਹਿ (ਸੰਗ੍ਰਹਿ ਵਿਰਤੀ) ਤੋਂ ਵਧ ਕੇ ਕੋਈ ਵਡੀ ਜੰਜ਼ੀਰ ਨਹੀਂ। (ਪ੍ਰਸ਼ਨ ਵਿਆਕਰਨ)

❀ ਜੋ ਮਮਤਾ ਵਲੀ ਬੁੱਧੀ ਦਾ ਤਿਆਗ ਕਰਦਾ ਹੈ। ਉਹ ਮੋਹ-ਮਮਤਾ ਦਾ ਤਿਆਗ ਕਰਦਾ ਹੈ। ਦਰਅਸਲ ਉਹੀ ਸੰਸਾਰ ਦਾ ਜੇਤੂ ਹੈ ਜੋ ਕਿਸੇ ਪ੍ਰਕਾਰ ਦੀ ਮੋਹ-ਮਮਤਾ ਨਹੀਂ ਰਖਦਾ। (ਆਚਾਰਾਂਗ)

❀ ਜੀਵ ਆਤਮਾ ਨੂੰ ਅਜ ਤਕ ਜੋ ਦੁਖਾਂ ਦੀ ਵਿਰਾਸਤ ਮਿਲੀ ਹੈ ਉਹ ਸਭ ਪਰ-ਪਦਾਰਥਾਂ ਦੇ ਸੰਜੋਗ ਕਾਰਣ ਹੀ ਪ੍ਰਾਪਤ ਹੋਈ ਹੈ ਅਤੇ ਸੰਜੋਗ-ਸੰਬੰਧ ਦਾ ਹਮੇਸ਼ਾ ਲਈ ਤਿਆਗ ਕਰ ਦੇਣਾ ਚਾਹੀਦਾ ਹੈ। (ਦਸਵੈ:)

※ ਜਦ ਮਨੁੱਖ, ਦੇਵਤੇ- —ਮਨੁੱਖਤਾ ਸਬੰਧੀ ਸਾਰੇ ਭੋਗਾਂ ਤੋਂ ਦੂਰ ਹੋ ਜਾਂਦਾ ਹੈ ਤਾਂ ਉਹ ਬਾਹਰਲੇ ਅਤੇ ਅੰਦਰਲੇ ਪਰਿਗ੍ਰਹਿ ਨੂੰ ਛੱਡਕੇ ਆਤਮ ਸਾਧਨਾ ਵਿਚ ਲਗ ਜਾਂਦਾ ਹੈ।

※ ਦਰਅਸਲ ਮੂਰਛਾ (ਲਗਾਵ) ਹੀ ਪਰਿਗ੍ਰਹਿ ਹੈ।
(ਦਸਵੈ:)

※ ਮੁਨੀ ਜੋ ਵੀ ਕਪੜੇ, ਭਾਂਡੇ, ਕੰਬਲ ਅਤੇ ਰਜੋ-ਹਰਨ ਆਦਿ ਚੀਜ਼ਾਂ ਰਖਦੇ ਹਨ। ਉਹ ਸਭ ਇਕ ਸੰਜਮ ਦੀ ਰਖਿਆ ਲਈ ਹੀ ਕਰਦੇ ਹਨ। ਉਨ੍ਹਾਂ ਨੂੰ ਰਖਣ ਵਿਚ ਕਿਸੇ ਪ੍ਰਕਾਰ ਦੀ ਪਰਿਗ੍ਰਹਿ (ਮਮਤਾ-ਲਗਾਵ) ਬੁਧੀ ਨਹੀਂ।
(ਦਸਵੈ:)

※ ਸਭ ਪ੍ਰਕਾਰ ਨਾਲ ਅਹਿੰਸਕ ਤੇ ਮਮਤਾ-ਰਹਿਤ ਹੋਣਾ ਬੇਹੱਦ ਮੁਸ਼ਕਲ ਹੈ। (ਉਤਰਾ:)

※ ਸੱਚਾ ਸਾਧੂ ਹੋਰ ਤੇ ਕੀ, ਆਪਣੇ ਸ਼ਰੀਰ ਤਕ ਦੀ ਵੀ ਮਮਤਾ ਨਾ ਰਖੇ। (ਦਸਵੈ:)

○ **ਵੈਰਾਗ**

ਸਰਲ ਆਤਮਾ ਸ਼ੁਧ ਹੁੰਦੀ ਹੈ ਅਤੇ ਸ਼ੁਧ ਆਤਮਾ ਵਿਚ ਹੀ ਧਰਮ ਠਹਿਰਦਾ ਹੈ। ਘੀ ਨਾਲ ਸਿੰਝੀ ਅੱਗ ਦੀ ਤਰ੍ਹਾਂ, ਸ਼ੁਧ ਸਾਧਕ ਵੀ ਨਿਰਵਾਨ (ਮੁਕਤੀ) ਪ੍ਰਾਪਤ ਕਰਦਾ ਹੈ।

ਮਨੁੱਖ ਦਾ ਜੀਵਨ ਅਤੇ ਰੰਗ ਰੂਪ ਬਿਜਲੀ ਦੀ ਚਮਕ ਵਾਂਗ ਚੰਚਲ (ਅਸਥਿਰ) ਹੈ। ਹੇ ਰਾਜਨ ! ਹੈਰਾਨੀ ਹੈ,

ਤੁਸੀਂ ਫੇਰ ਵੀ ਇਨ੍ਹਾਂ ਵਿਚ ਮਸਤ ਹੋ ਰਹੇ ਹੋ। ਪਰਲੋਕ ਵੱਲ ਕਿਉਂ ਨਹੀਂ ਵੇਖਦੇ ? (ਉਤਰਾ:)

"ਜੋ ਮਨੁੱਖ ਦੂਸਰੇ ਦੀ ਬੇਇੱਜ਼ਤੀ ਕਰਦਾ ਹੈ। ਉਹ ਲੰਬੇ ਸਮੇਂ ਤਕ ਸੰਸਾਰ ਦੇ ਜਨਮ ਮਰਨ ਚੱਕਰ ਵਿਚ ਘੁੰਮਦਾ ਰਹਿੰਦਾ ਹੈ। ਪਰਾਈ ਨਿੰਦਾ ਪਾਪ ਦਾ ਕਾਰਣ ਹੈ" ਇਹ ਸਮਝ ਕੇ ਸਾਧਕ, ਹੰਕਾਰ ਦੀ ਭਾਵਨਾ ਪੈਦਾ ਨਾ ਕਰੇ।

(ਸੂਤਰ:)

ਤੁਸੀਂ ਜਿਸ ਤੋਂ ਸੁੱਖ ਦੀ ਆਸ ਕਰਦੇ ਹੋ, ਉਸ ਸੁੱਖ ਦਾ ਕਾਰਣ ਨਹੀਂ। ਮੋਹ ਤੋਂ ਘਿਰੇ ਲੋਕ ਇਸ ਗੱਲ ਨੂੰ ਨਹੀਂ ਸਮਝਦੇ। (ਆਚਾਰਾਂਗ)

ਪੀਲਾ ਪੱਤਾ ਜ਼ਮੀਨ ਤੇ ਗਿਰਦਾ ਹੋਇਆ ਆਪਣੇ ਸਾਥੀ ਪੱਤਿਆਂ ਨੂੰ ਆਖਦਾ ਹੈ। ਅੱਜ ਤੋਂ ਜਿਵੇਂ ਤੁਸੀਂ ਹੋ; ਇਕ ਦਿਨ ਅਸੀਂ ਵੀ ਤੁਹਾਡੇ ਵਰਗੇ ਹੀ ਸੀ ਅਤੇ ਜਿਸ ਤਰ੍ਹਾਂ ਅਸੀਂ ਅੱਜ ਹਾਂ, ਇਕ ਦਿਨ ਤੁਸੀਂ ਵੀ ਇਸ ਤਰ੍ਹਾਂ ਹੋਣਾ ਹੈ। (ਅਨੁਯਗਦਵਾਰ)

ਸਾਧਕ ਨਾ ਤਾਂ ਜਿਉਣ ਦੀ ਇੱਛਾ ਕਰੇ ਅਤੇ ਨਾ ਹੀ ਛੇਤੀ ਮਰਨ ਦੀ। ਜੀਵਨ-ਮਰਨ ਕਿਸੇ ਪ੍ਰਤਿ ਵੀ ਲਗਾਉ ਨਾ ਰਖੇ। (ਆਚਾਰਾਂਗ)

ਬਹਾਦੁਰ ਵੀ ਮਰਦਾ ਹੈ ਕਾਇਰ ਵੀ ਮਰਦਾ ਹੈ ਮਰਨਾ ਹਰ ਇਕ ਨੇ ਹੈ ਜਦੋਂ ਮਰਨਾ ਜਰੂਰੀ ਹੈ ਤਾਂ ਬਹਾਦੁਰ ਵਾਲੀ ਮੌਤ ਬਹੁਤ ਚੰਗੀ ਹੈ। (ਮਰਨ ਸਮਾਧੀ)

ਸੱਚਾ ਸਾਧਕ ਲਾਭ-ਹਾਨੀ, ਸੁੱਖ-ਦੁਖ, ਨਿੰਦਾ-ਪ੍ਰਸ਼ੰਸਾ ਅਤੇ ਇੱਜਤ-ਹਤੱਕ ਵਿਚ ਇਕ ਬਹਾਦੁਰ ਰਹਿੰਦਾ ਹੈ।

(ਉੱਤਰਾਧਿਐਨ)

## O ਮੋਕਸ਼ (ਮੁਕਤੀ)

ਜੋ ਸਾਧਕ ਅੱਗ ਤੇ (ਕਾਮ ਭੋਗਾਂ) ਨੂੰ ਦੂਰ ਕਰਦਾ ਹੈ। ਉਹ ਛੇਤੀ ਹੀ ਮੁਕਤ ਹੋ ਜਾਂਦਾ ਹੈ। (ਆਚਾਰਾਂਗ)

ਨਵੇਂ ਪੈਦਾ ਹੋਣ ਵਾਲੇ ਕਰਮਾਂ ਦਾ ਰਾਹ ਰੋਕਨ ਵਾਲਾ, ਪਿਛਲੇ ਕੀਤੇ ਕਰਮਾਂ ਦਾ ਖਾਤਮਾ ਕਰ ਦਿੰਦਾ ਹੈ।

(ਆਚਾਰਾਂਗ)

ਸਭ ਕੁਝ ਵੇਖਣ ਵਾਲੇ ਗਿਆਨੀਆਂ ਨੇ ਗਿਆਨ, ਦਰਸ਼ਨ (ਵਿਸ਼ਵਾਸ਼) ਚਾਰਿੱਤਰ (ਅਮਲ) ਅਤੇ ਤਪ ਨੂੰ ਹੀ ਮੁਕਤੀ ਦਾ ਰਾਹ ਦਸਿਆ ਹੈ। (ਉਤਰਾ:)

ਸਾਧਕ ਗਿਆਨ ਨਾਲ ਹੀ ਸੱਚੇ ਤੱਤਾਂ ਨੂੰ ਜਾਣਦਾ ਹੈ। ਦਰਸ਼ਨ ਨਾਲ ਉਨ੍ਹਾਂ ਤੇ ਸ਼ਰਧਾ ਰਖਦਾ ਹੈ, ਚਰਿੱਤਰ ਰਾਹੀਂ ਉਨ੍ਹਾਂ ਨੂੰ ਗ੍ਰਹਿਨ ਕਰਦਾ ਹੈ। ਤੱਪ ਰਾਹੀਂ ਸ਼ੁੱਧੀ ਪ੍ਰਾਪਤ ਕਰਦਾ ਹੈ। (ਉਤਰਾ:)

ਸ਼ਰਧਾ ਰਹਿਤ ਨੂੰ ਗਿਆਨ ਪ੍ਰਾਪਤ ਨਹੀਂ ਹੁੰਦਾ। ਅਗਿਆਨੀ ਕਿਸੇ ਨਿਯਮ ਦਾ ਪਾਲਨ ਨਹੀਂ ਕਰ ਸਕਦਾ। ਆਚਰਨ ਹੀਣ (ਚਾਰਿਤਰ ਰਹਿਤ) ਨੂੰ ਮੁਕਤੀ ਨਹੀਂ

ਮਿਲਦੀ ਅਤੇ ਮੁਕਤੀ ਬਿਨਾ ਨਿਰਵਾਨ—ਪੂਰਨ ਸ਼ਾਂਤੀ ਨਹੀਂ ਮਿਲਦੀ। (ਉਤਰਾ:)

ਜੇ ਰਾਗ-ਦਵੇਸ਼ (ਆਪਣਾ-ਪਰਾਇਆ) ਨਾ ਹੋਵੇ, ਤਾਂ ਨਾ ਤਾਂ ਕੋਈ ਦੁੱਖ ਤੇ ਨਾ ਹੀ ਸੁਖ ਪਾਕੇ ਖੁਸ਼ ਹੋਵੇ, ਸਗੋਂ ਸਭ ਹੀ ਮੁਕਤ ਹੋ ਜਾਨ।

ਜਦ ਸਾਧੂ ਉੱਚੇ ਅਤੇ ਸੁੱਚੇ ਧਰਮ ਨੂੰ ਛੋਹੰਦਾ ਹੈ ਤਦ ਆਤਮਾ ਤੋਂ ਅਗਿਆਨ ਦੀ ਕਾਲਿਖ ਰੂਪੀ ਕਰਮਾਂ ਦੀ ਧੂੜ ਝਾੜ ਦਿੰਦਾ ਹੈ। (ਦਸਵੈ)

ਜਦ ਮਨ, ਬਚਨ ਤੇ ਸ਼ਰੀਰ ਦੇ ਯੋਗਾਂ ਦਾ ਖਾਤਮਾ ਕਰਕੇ ਪੂਰੀ ਤਰ੍ਹਾਂ ਨਿਰਲੇਪ ਹੋ ਜਾਂਦਾ ਹੈ। ਤਦ ਉਹ ਕਰਮਾਂ ਦਾ ਖਾਤਮਾ ਕਰਕੇ ਹਮੇਸ਼ਾ ਲਈ ਮਲਰਹਿਤ ਹੋ ਕੇ ਸਿੱਧੀ ਪ੍ਰਾਪਤ ਕਰਦਾ ਹੈ। (ਦਸਵੈ)

ਜਦ ਆਤਮਾ ਸਾਰੇ ਕਰਮਾਂ ਨੂੰ ਖਤਮ ਕਰਕੇ, ਹਮੇਸ਼ਾ ਲਈ ਮੈਲ ਰਹਿਤ ਹੋ ਕੇ ਮੁਕਤੀ ਪ੍ਰਾਪਤ ਕਰ ਲੈਂਦੀ ਹੈ ਤਾਂ ਲੋਕ ਦੇ ਅਖੀਰਲੇ ਭਾਗ ਵਿਚ ਸਥਾਪਿਤ ਹੋ ਸਦਾ ਲਈ ਸਿੱਧ ਹੋ ਜਾਂਦੀ ਹੈ।

* * *